# SOCIOLOGY TO SOCIOLOGY OF LITERATURE: A STUDY
# ਸਮਾਜ ਸ਼ਾਸਤਰ ਤੋਂ ਸਾਹਿਤ ਦੇ ਸਮਾਜ ਸ਼ਾਸਤਰ ਤੱਕ: ਇਕ ਅਧਿਐਨ

**ਗੁਰਸੇਵਕ ਸਿੰਘ (Gursewak Singh)**

**ਖੋਜਾਰਥੀ, ਪੰਜਾਬ ਕੇਂਦਰੀ ਯੂਨੀਵਰਸਿਟੀ ਬਠਿੰਡਾ**

ਮੋਬਾਈਲ : 8684974655 E-Mail : gursewak74655@gmail.com

ABSTRACT

*ਧਰਤੀ ਕੁਦਰਤੀ-ਸੁੰਦਰਤਾ, ਅਸੀਮਤਾ ਅਤੇ ਵਿਸ਼ਾਲਤਾ ਭਰਪੂਰ ਗ੍ਰਹਿ ਹੈ ਜਿੱਥੇ ਮਨੁੱਖ ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਮਨੁੱਖ ਦੁਆਰਾ ਜੰਗਲੀ ਅਵਸਥਾ ਤੋਂ ਮੁੱਢਲਾ ਸਮਾਜ ਅਤੇ ਮੁੱਢਲੇ ਸਮਾਜ ਤੋਂ ਆਧੁਨਿਕ ਸਮਾਜ ਤੱਕ ਵਿਕਾਸ ਕੀਤਾ ਗਿਆ। ਮਨੁੱਖ ਦੇ ਸਮਾਜਿਕ ਵਿਕਾਸ ਦੇ ਅਧਿਐਨ ਲਈ ਆਧੁਨਿਕ ਕਾਲ ਵਿਚ ਪੈਦਾ ਹੋਇਆਂ ਤਤਕਾਲੀਨ ਪਰਿਸਥਿਤੀਆਂ ਜਿਵੇਂ ਫਰਾਂਸ ਦੀ ਕ੍ਰਾਂਤੀ, ਸਾਮੰਤਵਾਦ ਦਾ ਪਤਨ, ਪੁੰਨ:ਜਾਗਰਨ ਕਾਲ, ਵਪਾਰਿਕ ਕ੍ਰਾਂਤੀ, ਉਦਯੋਗਿਕ ਕ੍ਰਾਂਤੀ, ਤਾਰਕਿਕ ਸੋਚ, ਅਤੇ ਵਿਗਿਆਨਕ ਕ੍ਰਾਂਤੀ ਵਰਗੀਆਂ ਤਤਕਾਲੀਨ ਸਮਾਜ ਦੀਆਂ ਘਟਨਾਵਾਂ ਦੇ ਫਲਸਰੂਪ ਅਜਿਹੇ ਸਿਧਾਂਤ ਦਾ ਜਨਮ ਹੋਇਆ ਜਿਸ ਨੂੰ ਸਮਾਜ-ਸ਼ਾਸਤਰ ਦੇ ਨਾਂ ਨਾਲ ਜਾਣਿਆ ਗਿਆ। ਸਮਾਜ ਸ਼ਾਸਤਰ ਦੇ ਸਿਧਾਂਤਕ ਵਿਕਾਸ ਵਿਚ ਬਹੁਤ ਸਾਰੇ ਸਮਾਜ-ਸ਼ਾਸਤਰੀਆਂ ਨੇ ਆਪਣਾ ਯੋਗਦਾਨ ਪਾਇਆ ਜਿਵੇਂ ਟਾਲਕਟ ਪਾਰਸੰਸ, ਜੀ. ਐੱਚ. ਮੀਡ, ਰਾਬਰਟ ਮਰਟਨ ਅਤੇ ਜਾਨਸਨ ਆਦਿ ਵਰਗੇ ਸਮਾਜ-ਸ਼ਾਸਤਰੀਆਂ ਨੇ ਇਸ ਦੇ ਵਿਸ਼ਾ-ਵਸਤੂ ਵਿਚ ਸਪਸ਼ਟਤਾ ਲਿਆਂਦੇ ਹੋਏ ਇਸ ਨੂੰ ਵਿਗਿਆਨਕ ਲੀਹਾਂ ਉੱਤੇ ਤੋਰਿਆ। ਸਮਾਜ ਸ਼ਾਸਤਰ ਦੁਆਰਾ ਸਮਾਜ ਦਾ ਵਿਗਿਆਨਕ ਅਧਿਐਨ ਕੀਤਾ ਜਾਂਦਾ ਹੈ। ਸਮਾਜ ਮਨੁੱਖੀ ਸਮੂਹਾਂ ਦਾ ਯੋਗ ਹੈ ਜਿਸ ਵਿਚ ਰਹਿ ਮਨੁੱਖ ਆਪਸੀ ਸਹਿਯੋਗ ਨਾਲ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਕਰਦਾ ਹੈ। ਸਮਾਜ ਸ਼ਾਸਤਰ ਜਿੱਥੇ ਸਮਾਜ ਦਾ ਅਧਿਐਨ ਕਰਦਾ ਹੈ ਉੱਥੇ ਹੀ ਸਾਹਿਤ ਦਾ ਸਮਾਜ ਸ਼ਾਸਤਰ ਸਾਹਿਤਕ ਕਿਰਤਾਂ ਰਾਹੀਂ ਸਮਾਜ ਦੇ ਅਧਿਐਨ ਵੱਲ ਰੁਚਿਤ ਹੁੰਦਾ ਹੈ। ਸਾਹਿਤ ਦੀ ਸਮਾਜ ਸ਼ਾਸਤਰੀ ਆਲੋਚਨਾ ਪੱਧਤੀ ਭਾਵੇਂ ਕੋਈ ਨਵਾਂ ਵਰਤਾਰਾ ਨਹੀਂ, ਪਰ ਇਕ ਸੁਨਿਸ਼ਚਿਤ ਅਧਿਐਨ ਵਿਧੀ ਵਜੋਂ ਪੰਜਾਬੀ ਸਾਹਿਤ ਸਮੀਖਿਆ ਲਈ ਇਕ ਨਵੀਂ ਪਹੁੰਚ ਹੈ। ਸਾਹਿਤ ਦੇ ਸਮਾਜ ਸ਼ਾਸਤਰ ਨੂੰ ਸਥਾਪਿਤ ਕਰਨ ਲਈ ਮਦਾਮ-ਦ-ਸਤੇਲ, ਤੇਨ, ਲਾਵੇਥਲ, ਗੋਲਡਮਾਨ ਅਤੇ ਰੇਮੰਡ ਵਿਲਿਅਮਜ਼ ਆਦਿ ਸਾਹਿਤ ਸ਼ਾਸਤਰੀਆਂ ਨੇ ਆਪਣਾ ਯੋਗਦਾਨ ਦਿੱਤਾ। ਪੰਜਾਬੀ ਸਾਹਿਤ-ਜਗਤ ਅੰਦਰ ਸਮਾਜ-ਸ਼ਾਸਤਰੀ ਪ੍ਰਣਾਲੀ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਪ੍ਰਵੇਸ਼ ਕਰਦੀ ਹੈ। ਸਾਹਿਤ ਦਾ ਸਮਾਜ ਸ਼ਾਸਤਰ ਇਕ ਅਜਿਹੀ ਪ੍ਰਣਾਲੀ ਹੈ ਜਿਸ ਦਾ ਮੰਤਵ ਸਾਹਿਤ ਦੇ ਰਾਹੀਂ ਸਮਾਜ ਨੂੰ ਸਮਝਣਾ ਹੈ।*

**ਕੀਵਰਡ**: **ਮਨੁੱਖ, ਸਮਾਜ, ਸੰਗਠਨ, ਅੰਤਰ-ਕਿਰਿਆਵਾਂ, ਇਕ ਸਮਾਜ, ਸਾਹਿਤ, ਪ੍ਰਜਾਤੀ, ਪ੍ਰਵੇਸ਼, ਯੁੱਗ, ਵਿਸ਼ਵ ਦ੍ਰਿਸ਼ਟੀ, ਅਨੁਭੂਤੀ, ਭੌਤਿਕ-ਦਵੰਦ, ਧਰਮ, ਪ੍ਰਕ੍ਰਿਤੀ**

ਬ੍ਰਹਿਮੰਡੀ ਵਿਸਾਲ ਵਰਤਾਰੇ ਦੇ ਅੰਤਰਗਤ ਧਰਤੀ ਹੀ ਇਕ ਅਜਿਹਾ ਕੁਦਰਤੀ-ਸੁੰਦਰਤਾ, ਅਸੀਮਤਾ ਅਤੇ ਵਿਸ਼ਾਲਤਾ ਭਰਪੂਰ ਗ੍ਰਹਿ ਹੈ ਜਿੱਥੇ ਪ੍ਰਾਣੀਆਂ ਵਿਚ ਵਿਭਿੰਨਤਾ ਵੇਖਣ ਨੂੰ ਮਿਲਦੀ ਹੈ। ਧਰਤੀ ਦੇ ਸੰਪੂਰਨ ਪ੍ਰਾਣੀ-ਜਗਤ ਵਿਚੋਂ ਮਨੁੱਖ ਨੇ ਜੰਗਲੀ ਅਵਸਥਾ ਤੋਂ ਮੁੱਢਲਾ ਸਮਾਜ ਅਤੇ ਮੁਢਲੇ ਸਮਾਜ ਤੋਂ ਆਧੁਨਿਕ ਸਮਾਜ ਵਿਚ ਪ੍ਰਵੇਸ਼ ਕੀਤਾ। ਮੁੱਢਲੇ ਸਮਿਆਂ ਦੇ ਇਸ ਮਨੁੱਖ ਨੂੰ ਆਦਿਮ ਮਨੁੱਖ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਇਸ ਆਦਿਮ ਮਨੁੱਖ ਦੇ ਵਤੀਰੇ ਸੰਬੰਧੀ ਰਾਹੁਲ ਸਾਂਕ੍ਰਤਾਯਨ ਦਾ ਕਥਨ ਹੈ ਕਿ *"ਇਸ ਦਾ ਸਾਰਾ ਸਰੀਰ ਬਾਲਾਂ ਨਾਲ ਢਕਿਆ ਸੀ, ਇਸ ਦੇ ਕੰਨ ਤਿੱਖੇ ਅਤੇ ਇਹ ਰੁੱਖਾਂ 'ਤੇ ਰਹਿੰਦਾ ਸੀ" (ਸ਼ਾਕ੍ਰਤਾਯਨ 1)*। ਜਦੋਂ ਮਨੁੱਖ ਦੁਆਰਾ ਦੋਨਾਂ ਪੈਰਾਂ 'ਤੇ ਸਿੱਧਾ ਖੜ੍ਹਾ ਹੋ ਆਪਣੇ ਦੋਨਾਂ ਹੱਥਾਂ ਨੂੰ ਸੁਤੰਤਰ ਕਰਦਾ ਹੈ ਤਾਂ ਇਸ ਕ੍ਰਾਂਤੀਕਾਰੀ ਘਟਨਾ ਨੇ ਮਨੁੱਖ ਅਤੇ ਜਾਨਵਰਾਂ ਵਿਚ ਭੇਦ ਸਥਾਪਿਤ ਕੀਤਾ। ਆਪਣੇ ਸੁਤੰਤਰ ਹੱਥਾਂ ਦੁਆਰਾ ਕੀਤੀ ਕਿਰਤ ਨੇ ਮਨੁੱਖੀ ਚੇਤਨਾ ਅਤੇ ਬੌਧਿਕਤਾ ਦਾ ਵਿਕਾਸ ਕੀਤਾ ਜਿਸ ਦੇ ਫਲਸਰੂਪ ਉਹ ਕੁਦਰਤੀ ਪ੍ਰਕੋਪਾਂ ਅਤੇ ਜਾਨਵਰਾਂ ਦੇ ਹਮਲਿਆਂ ਤੋਂ ਬਚਣ ਲਈ ਉਹ ਸਮੂਹ ਵਿਚ ਰਹਿਣਾ ਆਰੰਭ ਕਰਦਾ ਹੈ। ਇਨ੍ਹਾਂ ਸਮੂਹਾਂ ਵਿਚ ਆਪਸੀ ਸਹਿਯੋਗ ਅਤੇ ਸੰਘਰਸ਼ ਦੀ ਭਾਵਨਾ ਦੁਆਰਾ ਹੀ ਮੁੱਢਲਾ ਸਮਾਜ ਆਪਣਾ ਸਰੂਪ ਗ੍ਰਹਿਣ ਕਰਦਾ ਹੈ ਜਿਸ ਨੂੰ ਆਦਿਮ ਸਮਾਜ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਮਨੁੱਖੀ ਸਮਾਜ ਦਾ ਪਹਿਲਾ ਸੁਲਝਿਆ ਹੋਇਆ ਰੂਪ ਸੀ ਜਿਸ ਵਿਚ ਮਨੁੱਖ ਨੇ ਆਪਣੀਆਂ ਲੋੜਾਂ ਦੀ ਪੂਰਤੀ ਲਈ ਆਪਸੀ ਅੰਤਰ-ਕਿਰਿਆਵਾਂ ਰਾਹੀਂ ਸੰਬੰਧ ਸਥਾਪਿਤ ਕੀਤੇ। ਸਹਿਯੋਗ ਅਤੇ ਆਪਸੀ ਅੰਤਰ-ਕਿਰਿਆਵਾਂ ਦੁਆਰਾ ਮਨੁੱਖ ਨੇ ਭਾਸ਼ਾ, ਖੇਤੀ-ਬਾੜੀ, ਕਤਾਈ-ਬੁਣਾਈ ਅਤੇ ਚਿੱਤਰਕਲਾ ਵਰਗੇ ਸੰਕਲਪਾਂ ਨੂੰ ਜਨਮ ਦਿੱਤਾ। ਇਸ ਤਰਾਂ ਮਨੁੱਖੀ ਸਮਾਜ ਕੋਈ ਇਕ ਦਿਨ ਦੀ ਘਟਨਾ ਮਾਤਰ ਨਹੀਂ ਸਗੋਂ ਮਨੁੱਖ ਦੇ ਹਜ਼ਾਰਾਂ ਸਾਲਾ ਦੀ ਮਿਹਨਤ, ਸੰਘਰਸ਼, ਸਹਿਯੋਗ ਅਤੇ ਦਿਮਾਗ਼ੀ ਚੇਤਨਾ ਦੇ ਵਿਕਾਸ ਦਾ ਪਰਿਣਾਮ ਹੈ। ਮਨੁੱਖ ਦੇ ਸਮਾਜਿਕ ਵਿਕਾਸ ਦੇ ਅਧਿਐਨ ਲਈ ਆਧੁਨਿਕ ਕਾਲ ਵਿਚ ਪੈਦਾ ਹੋਇਆਂ ਤਤਕਾਲੀਨ ਪਰਿਸਥਿਤੀਆਂ ਅਤੇ ਜ਼ਰੂਰਤਾਂ ਨੇ 1838ਈ. ਵਿਚ ਇਕ ਅਜਿਹੇ ਸਿਧਾਂਤ ਨੂੰ ਜਨਮ ਦਿੱਤਾ ਜਿਸ ਨੂੰ ਸਮਾਜ-ਸ਼ਾਸਤਰ ਦੇ ਨਾਂ ਨਾਲ ਜਾਣਿਆ ਗਿਆ। ਸਮਾਜ-ਸ਼ਾਸਤਰ ਹੋਰਨਾਂ ਸ਼ਾਸਤਰਾਂ ਦੇ ਮੁਕਾਬਲਤਨ ਇਕ ਨਵਾਂ ਵਿਗਿਆਨ ਹੈ ਜਿਹੜਾ ਸਮੁੱਚੇ ਸਮਾਜ ਦਾ ਵਿਗਿਆਨਕ ਅਧਿਐਨ ਕਰਦਾ ਹੈ। ਭਾਵੇਂ ਸਮਾਜਿਕ ਜੀਵਨ ਸੰਬੰਧੀ ਮੁੱਢਲੀ ਚਰਚਾ ਪ੍ਰਾਚੀਨ ਹਿੰਦੂ ਗ੍ਰੰਥਾਂ ਜਿਵੇਂ ਮੰਨੂੰ ਸਿਮਰਤੀ, ਕੌਟਿਲਯਾ ਦਾ ਅਰਥਸ਼ਾਸਤਰ ਆਦਿ ਵਿਚ ਹੋਈ ਮਿਲਦੀ ਹੈ ਜਿਨ੍ਹਾਂ ਵਿਚ ਉਸ ਸਮੇਂ ਦੇ ਸਮਾਜ ਦੀ ਆਸ਼ਰਮ ਵਿਵਸਥਾ, ਵਰਨ ਵਿਵਸਥਾ ਅਤੇ ਸੰਸਕਾਰਾਂ ਨੂੰ ਅਜਿਹੇ ਢੰਗ ਨਾਲ ਪੇਸ਼ ਕੀਤਾ ਹੈ ਜਿਸ ਨਾਲ ਉਸ ਸਮੇਂ ਦੇ ਵਿਅਕਤੀ ਅਤੇ ਸਮਾਜ ਦੇ ਸੰਬੰਧਾਂ ਨੂੰ ਨਿਰਧਾਰਿਤ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ਪੱਛਮ ਵਿਚ ਪ੍ਰਾਚੀਨ ਯੂਨਾਨੀ ਵਿਚਾਰਕਾਂ ਪਲੈਟੋ ਅਤੇ ਅਰਸਤੂ ਦੀਆਂ ਲਿਖਤਾਂ ਵਿਚੋਂ ਵੇਖਣ ਨੂੰ ਮਿਲਦੀਆਂ ਹਨ ਜਿਨ੍ਹਾਂ ਵਿਚ ਸਮਾਜ ਅਤੇ ਰਾਜ ਦੇ ਸਰੂਪ ਸੰਬੰਧੀ ਚਰਚਾ ਕੀਤੀ ਗਈ ਹੈ। ਪਰ ਸਮਾਜ ਸੰਬੰਧੀ ਵਿਗਿਆਨਕ ਢੰਗ ਨਾਲ ਚਰਚਾ ਅਗਸਤ ਕਾਮਤੇ ਦੁਆਰਾ ਸਥਾਪਿਤ

ਵਿਗਿਆਨ ਸਮਾਜ-ਸ਼ਾਸਤਰ ਦੁਆਰਾ ਹੀ ਕੀਤੀ ਗਈ। ਅਗਸਤ ਕਾਮਤੇ ਨੇ ਆਪਣੀ ਪੁਸਤਕ *'ਪੋਜ਼ਿਟਿਵ ਫਿਲਾਸ਼ਫੀ'* ਵਿਚ ਸਮਾਜ, ਸਮਾਜਿਕ-ਸੰਬੰਧਾਂ ਅਤੇ ਸਮਾਜਿਕ ਅੰਤਰ-ਕਿਰਿਆਵਾਂ ਦਾ ਅਧਿਐਨ ਕਰਨ ਲਈ ਜਿਸ ਸ਼ਾਸਤਰ ਨੂੰ ਆਧਾਰ ਬਣਾਇਆ ਉਸ ਨੂੰ ਹੀ ਸਮਾਜ-ਸ਼ਾਸਤਰ ਦਾ ਨਾਂ ਦਿੱਤਾ ਗਿਆ। ਆਰੰਭ ਵਿਚ ਇਸ ਸ਼ਾਸਤਰ ਦਾ ਨਾਂ ਸਮਾਜਿਕ ਭੌਤਿਕੀ-ਸ਼ਾਸਤਰ ਰੱਖਿਆ ਗਿਆ ਜਿਸ ਨੂੰ ਬਾਅਦ ਵਿਚ ਸੋਧ ਦੁਆਰਾ ਸਮਾਜ-ਸ਼ਾਸਤਰ ਕੀਤਾ ਗਿਆ। *'ਸਮਾਜ-ਸ਼ਾਸਤਰ ਅੰਗਰੇਜ਼ੀ ਦੇ ਸ਼ਬਦ (sociology) ਦਾ ਸਮਾਨਾਰਥੀ ਹੈ। ਅੰਗਰੇਜ਼ੀ ਦਾ ਸ਼ਬਦ 'Sociology' ਦੋ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ। ਲਾਤੀਨੀ ਸ਼ਬਦ 'Societas' ਜਿਸ ਦਾ ਅਰਥ ਹੈ 'ਸਮਾਜ' ਅਤੇ ਯੂਨਾਨੀ ਸ਼ਬਦ 'Logos' ਜਿਸ ਦਾ ਅਰਥ ਹੈ 'ਉਚੇਰੀ ਪੱਧਰ ਦਾ ਅਧਿਐਨ' ਜਾਂ ਵਿਗਿਆਨ। ਇਸ ਤਰਾਂ ਸਮਾਜ ਵਿਗਿਆਨ ਦਾ ਸ਼ਾਬਦਿਕ ਅਰਥ ਹੈ 'ਸਮਾਜ ਦਾ ਵਿਗਿਆਨ' (ਸਵਿੰਦਰਜੀਤ 3)।* ਸਮਾਜ-ਸ਼ਾਸਤਰ ਸਮਾਜ ਦਾ ਵਿਗਿਆਨ ਹੈ ਜਿਹੜਾ ਸਮਾਜ ਦੇ ਸਮਾਜਿਕ-ਸੰਬੰਧਾਂ, ਸਮਾਜਿਕ ਅੰਤਰ-ਕਿਰਿਆਵਾਂ ਅਤੇ ਸਮਾਜਿਕ ਸੰਸਥਾਵਾਂ ਦਾ ਵਿਗਿਆਨਕ ਅਧਿਐਨ ਕਰਦਾ ਹੈ।

ਸਮਾਜ-ਸ਼ਾਸਤਰ ਤਤਕਾਲੀਨ ਸਮਾਜਿਕ ਕਾਰਨਾਂ ਕਰਕੇ ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਯੂਰਪੀ ਸਮਾਜ ਅੰਦਰ ਉਸ ਸਮੇਂ ਦੀਆਂ ਪਰਿਸਥਿਤੀਆਂ ਦੇ ਕਾਰਨ ਹੀ ਵਿਦਵਾਨਾਂ ਨੇ ਅਜਿਹੇ ਵਿਸ਼ੇ ਵਾਰੇ ਸੋਚਣਾ ਆਰੰਭ ਕੀਤਾ ਜਿਹੜਾ ਸਮਾਜ ਵਿਚ ਵਾਪਰ ਰਹਿਆਂ ਘਟਨਾਵਾਂ ਦਾ ਅਧਿਐਨ ਕਰ ਸਕੇ। ਫਰਾਂਸ ਦੀ ਕ੍ਰਾਂਤੀ, ਸਾਮੰਤਵਾਦ ਦਾ ਪਤਨ, ਚਰਚ ਦੀਆਂ ਬੁਰਾਈਆਂ, ਪੁੰਨ:ਜਾਗਰਨ ਕਾਲ, ਵਪਾਰਿਕ ਕ੍ਰਾਂਤੀ, ਉਦਯੋਗਿਕ ਕ੍ਰਾਂਤੀ, ਤਾਰਕਿਕ ਸੋਚ, ਭੌਤਿਕ ਵਿਗਿਆਨਾਂ ਵਿਚ ਵੱਖ-ਵੱਖ ਵਿਦਵਾਨਾਂ ਦੁਆਰਾ ਕੀਤੇ ਪ੍ਰਯੋਗ, ਧਰਮ ਨਿਰਪੇਖ ਵਿਚਾਰਧਾਰਾ ਅਤੇ ਵਿਗਿਆਨਕ ਕ੍ਰਾਂਤੀ ਵਰਗੀਆਂ ਤਤਕਾਲੀਨ ਸਮਾਜ ਦੀਆਂ ਘਟਨਾਵਾਂ ਸਮਾਜ-ਸ਼ਾਸਤਰ ਦੇ ਹੋਂਦ ਗ੍ਰਹਿਣ ਕਰਨ ਦਾ ਪ੍ਰਮੁੱਖ ਕਾਰਨ ਬਣੀਆਂ। ਸਮਾਜ-ਸ਼ਾਸਤਰ ਦੇ ਜਨਮਦਾਤਾ ਅਗਸਤ ਕਾਮਤੇ ਨੇ ਇਸ ਨੂੰ ਕੁਦਰਤੀ ਵਿਗਿਆਨਾਂ ਦੀ ਤਰਾਂ ਸਮਾਜਿਕ ਜੀਵਨ ਦੇ ਵਿਕਾਸ ਦਾ ਅਧਿਐਨ ਕਰਨ ਵਿਗਿਆਨ ਮੰਨਿਆ। ਸਮਾਜ-ਸ਼ਾਸਤਰ ਦਾ ਜਨਮ ਭਾਵੇਂ ਅਗਸਤ ਕਾਮਤੇ ਦੁਆਰਾ ਕੀਤਾ ਗਿਆ ਪਰੰਤੂ ਇਸ ਨੂੰ ਇਕ ਸੁਤੰਤਰ ਵਿਸ਼ੇ ਵਜੋਂ ਏਮਿਲ ਦੁਰਖਾਈਮ ਨੇ ਸਥਾਪਿਤ ਕੀਤਾ। ਦੁਰਖਾਈਮ ਦੁਆਰਾ ਹੀ ਵਿਅਕਤੀ ਅਤੇ ਸਮਾਜ ਦੇ ਸੰਬੰਧਾਂ ਦਾ ਨੂੰ ਸਮਝਦੇ ਹੋਏ ਸਮਾਜ-ਸ਼ਾਸਤਰ ਦੀ ਵਿਸ਼ਾ-ਵਸਤੂ ਦਾ ਸਪਸ਼ਟੀਕਰਨ ਕੀਤਾ ਗਿਆ। ਦੁਰਖਾਈਮ ਵੀ ਕੁਦਰਤੀ ਵਿਗਿਆਨਾਂ ਦੀ ਤਰਾਂ ਹੀ ਸਮਾਜ-ਸ਼ਾਸਤਰ ਨੂੰ ਮੰਨਦਾ ਹੈ ਪਰੰਤੂ ਉਸ ਨੇ ਕਾਮਤੇ ਦੇ ਵਿਚਾਰਾਂ ਨੂੰ ਸਪਸ਼ਟੀਕਰਨ ਪ੍ਰਦਾਨ ਕੀਤਾ। ਮੈਕਸ ਵੇਬਰ ਇਸੇ ਲੜੀ ਦਾ ਸਮਾਜ-ਸ਼ਾਸਤਰੀ ਹੈ ਜਿਹੜਾ ਸਮਾਜ-ਸ਼ਾਸਤਰ ਨੂੰ ਸਮਾਜਿਕ ਸੰਬੰਧਾਂ ਦੀ ਵਿਆਖਿਆ ਕਰਨ ਵਾਲਾ ਵਿਗਿਆਨ ਮੰਨਦਾ ਹੈ।

ਸਮਾਜ ਸ਼ਾਸਤਰ ਦੇ ਸਿਧਾਂਤਕ ਵਿਕਾਸ ਵਿਚ ਬਹੁਤ ਸਾਰੇ ਸਮਾਜ-ਸ਼ਾਸਤਰੀਆਂ ਨੇ ਆਪਣਾ ਯੋਗਦਾਨ ਪਾਇਆ ਜਿਵੇਂ ਟਾਲਕਟ ਪਾਰਸੰਸ, ਜੀ. ਐੱਚ. ਮੀਡ, ਰਾਬਰਟ ਮਰਟਨ ਅਤੇ ਜਾਨਸਨ ਆਦਿ ਵਰਗੇ ਸਮਾਜ-ਸ਼ਾਸਤਰੀਆਂ ਨੇ ਇਸ ਦੇ ਵਿਸ਼ਾ-ਵਸਤੂ ਵਿਚ ਸਪਸ਼ਟਤਾ ਲਿਆਂਦੇ ਹੋਏ ਇਸ ਨੂੰ ਵਿਗਿਆਨਕ ਲੀਹਾਂ ਉੱਤੇ ਤੋਰਿਆ। ਸਮਾਜ-ਸ਼ਾਸਤਰ ਨੂੰ ਵੱਖ-ਵੱਖ ਸਮਾਜ ਸ਼ਾਸਤਰੀ ਚਿੰਤਕਾਂ ਨੇ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ। ਸਮਾਜ ਸ਼ਾਸਤਰੀ ਚਿੰਤਕਾਂ ਨੂੰ ਉਹਨਾਂ ਦੀਆਂ ਪਰਿਭਾਸ਼ਾਵਾਂ ਦੇ ਆਧਾਰ 'ਤੇ ਚਾਰ ਸ਼੍ਰੇਣੀਆਂ ਵਿਚ ਵੰਡ ਕੇ ਸਮਾਜ-ਸ਼ਾਸਤਰ ਨੂੰ ਸਮਝਿਆ ਜਾ ਸਕਦਾ ਹੈ। ਪਹਿਲੀ ਸ਼੍ਰੇਣੀ ਦੇ ਸਮਾਜ ਸ਼ਾਸਤਰੀਆਂ ਦਾ ਵਿਚਾਰ ਹੈ ਕਿ ਸਮਾਜ ਸ਼ਾਸਤਰ ਸਮਾਜ ਦਾ ਅਧਿਐਨ ਹੈ। ਸਮਾਜ ਸ਼ਾਸਤਰ ਕਿਸੇ ਵਿਅਕਤੀ ਦਾ ਅਧਿਐਨ ਨਹੀਂ ਕਰਦਾ ਸਗੋਂ ਸਮੁੱਚੇ ਸਮਾਜ ਨੂੰ ਇਕ ਇਕਾਈ ਮੰਨ ਕੇ ਉਸ ਦਾ ਅਧਿਐਨ ਕਰਦਾ ਹੈ। ਇਸ ਸ਼੍ਰੇਣੀ ਦੇ ਸਮਾਜ ਸ਼ਾਸਤਰੀਆਂ ਵਿੱਚੋਂ ਐੱਮ ਐੱਚ ਗਿਡਿੰਗਜ਼, ਮੈਕਾਈਵਰ ਅਤੇ ਪੇਜ ਪ੍ਰਮੁੱਖ ਹਨ। ਇਸ ਸੰਬੰਧੀ ਐੱਮ. ਐੱਚ. ਗਿੰਡਿਗਜ਼ ਦਾ ਵਿਚਾਰ ਹੈ ਕਿ *"ਸਮਾਜ ਵਿਗਿਆਨ ਸਮੁੱਚੇ ਰੂਪ ਵਿਚ ਸਮਾਜ ਦਾ ਕ੍ਰਮਬੱਧ ਵਰਣਨ ਅਤੇ ਵਿਆਖਿਆ ਹੈ" (ਗਿਡਿੰਗਜ਼ 9)*। ਸਮਾਜ-ਸ਼ਾਸਤਰੀਆਂ ਦੀ ਦੂਜੀ ਸ਼੍ਰੇਣੀ ਦਾ ਮੰਨਣਾ ਹੈ ਕਿ ਸਮਾਜ ਸ਼ਾਸਤਰ ਸਮਾਜਿਕ ਸੰਬੰਧਾਂ ਦਾ ਵਿਗਿਆਨਕ ਅਧਿਐਨ ਕਰਦਾ ਹੈ। ਸਮਾਜ ਸ਼ਾਸਤਰ ਸਮਾਜਿਕ ਘਟਨਾਵਾਂ ਦੇ ਪਰਸਪਰ ਸੰਬੰਧਾਂ ਤੇ ਇਨ੍ਹਾਂ ਦੇ ਸਰੂਪਾਂ ਦਾ ਅਧਿਐਨ ਕਰਦਾ ਹੈ। ਇਨ੍ਹਾਂ ਸਮਾਜ ਸ਼ਾਸਤਰੀਆਂ ਵਿਚੋਂ ਐੱਚ. ਐੱਮ. ਜਾਨਸਨ, ਸੈਮੂਅਲ ਕੋਇਨਿੰਗ ਅਤੇ ਡਾ. ਜਗਬੀਰ ਸਿੰਘ ਹਨ। ਐੱਚ. ਐੱਮ. ਜਾਹਨਸਨ ਲਿਖਦਾ ਹੈ ਕਿ "ਸਮਾਨਯ ਅਤੇ ਸਮੂਹਿਕ ਮਨੁੱਖੀ ਸੰਬੰਧਾਂ ਦਾ ਇਹ ਉਹ ਵਿਗਿਆਨ ਹੈ, ਜਿਹੜਾ ਸਮਾਜਿਕ ਸਮੂਹਾਂ ਦੁਆਰਾ ਪ੍ਰਚਲਿਤ ਕਿਰਿਆਵਾਂ, ਰਿਵਾਜ਼ਾਂ, ਸੁਭਾਵਾਂ ਅਤੇ ਸੰਸਥਾਵਾਂ ਦਾ ਅਧਿਐਨ ਕਰਦਾ ਹੈ। ਇਸ ਨੂੰ *ਸਮਾਜਿਕ-ਸੱਭਿਆਚਾਰਿਕ ਘਟਨਾਵਾਂ, ਸਧਾਰਨ ਰੂਪਾਂ ਅਤੇ ਬਹੁਪੱਖੀ ਅੰਤਰ-ਸੰਬੰਧਾਂ ਦਾ ਸਧਾਰਨੀਕ੍ਰਿਤ ਵਿਗਿਆਨ ਵੀ ਕਿਹਾ ਜਾਂਦਾ ਹੈ" (ਜਾਹਨਸਨ 02)*। ਤੀਜੀ ਸ਼੍ਰੇਣੀ ਦੇ ਸਮਾਜ ਸ਼ਾਸਤਰੀ ਮੌਰਿਸ ਜਿਨਜ਼ਬਰਗ, ਪੀ.ਏ. ਸੋਰੋਕਿਨ, ਮੈਕਸ ਵੈਬਰ ਅਤੇ ਫਰੇਂਸਿਸ ਈ ਮੇਰਿਲ ਦਾ ਮੰਨਣਾ ਹੈ ਕਿ ਸਮਾਜ ਸ਼ਾਸਤਰ ਦੇ ਅੰਤਰਗਤ ਸਮਾਜਿਕ ਅੰਤਰ-ਕਿਰਿਆਵਾਂ ਦਾ ਅਧਿਐਨ ਕੀਤਾ ਜਾਂਦਾ ਹੈ। ਇਹ ਸਮਾਜਿਕ ਅੰਤਰ-ਕਿਰਿਆਵਾਂ ਨੂੰ ਸਮਾਜ ਦੇ ਅਧਿਐਨ ਦਾ ਆਧਾਰ ਬਣਾਉਂਦੇ ਹਨ ਕਿਉਂਕਿ ਸਮਾਜਿਕ-ਸੰਬੰਧ ਸਮਾਜਿਕ ਅੰਤਰ-ਕਿਰਿਆਵਾਂ ਤੋਂ ਉਪਜਦੇ ਹਨ। ਸਮਾਜ-ਸ਼ਾਸਤਰ ਸਮਾਜ ਦਾ ਬਾਹਰਮੁਖੀ ਅਧਿਐਨ ਕਰਨ ਦੇ ਨਾਲ-ਨਾਲ ਅੰਤਰਮੁਖੀ ਸੰਬੰਧਾਂ ਦਾ ਅਧਿਐਨ ਵੀ ਕਰਦਾ ਹੈ। ਸਮਾਜਿਕ ਅੰਤਰ-ਕਿਰਿਆਵਾਂ ਦੇ ਵਿਵਹਾਰ ਨੂੰ ਸਪਸ਼ਟ ਕਰਦਿਆਂ ਮੈਕਸ ਵੈਬਰ ਕਹਿੰਦਾ ਹੈ ਕਿ *"ਸਮਾਜ-ਸ਼ਾਸਤਰ ਉਹ ਵਿਗਿਆਨ ਹੈ, ਜਿਹੜਾ ਸਮਾਜਿਕ ਕਿਰਿਆਵਾਂ ਦਾ ਵਿਸ਼ਲੇਸ਼ਣਾਤਮਿਕ ਬੋਧ ਕਰਾਉਣ ਦਾ ਯਤਨ ਕਰਦਾ ਹੈ, ਤਾਂ ਜੋ ਇਸ ਦੇ ਸਮਾਜਿਕ ਸਿਲਸਿਲੇ ਅਤੇ ਉਨ੍ਹਾਂ ਦੇ ਸਿੱਟਿਆਂ ਦੀ ਕਾਰਨ ਸਹਿਤ ਵਿਆਖਿਆ ਕੀਤੀ ਜਾ ਸਕੇ" (ਵੈਬਰ 88)।* ਸਮਾਜਿਕ ਮਨੁੱਖ ਆਪਸੀ ਸਹਿਯੋਗ ਅਤੇ ਸੰਘਰਸ਼ ਦੀ ਭਾਵਨਾ ਅਧੀਨ ਨਿਰੰਤਰ ਕਿਰਿਆਸ਼ੀਲ ਅਵਸਥਾ ਵਿਚ ਰਹਿੰਦਾ ਹੈ। ਚੌਥੀ ਸ਼੍ਰੇਣੀ ਨਾਲ ਸੰਬੰਧਿਤ ਸਮਾਜ ਸ਼ਾਸਤਰੀ ਦੁਰਖਾਇਮ ਅਤੇ ਐਨਥੋਨੀ

ਗਿਡਿੰਗਜ਼ ਇਸ ਗੱਲ ਦੇ ਸਮਰਥਕ ਹਨ ਕਿ ਸਮਾਜ ਸ਼ਾਸਤਰ ਸਮਾਜਿਕ ਸੰਗਠਨ-ਸੰਸਥਾਵਾਂ ਅਤੇ ਸਮੂਹਾਂ ਦਾ ਵਿਗਿਆਨ ਹੈ। ਇਸ ਤੱਥ ਨੂੰ ਸਪਸ਼ਟ ਕਰਦੀਆਂ ਪ੍ਰਸਿੱਧ ਸਮਾਜ-ਸ਼ਾਸਤਰੀ ਵਿਦਵਾਨ ਐਨਥੋਨੀ ਗਿਡਿੰਗਜ਼ ਦਾ ਵਿਚਾਰ ਹੈ ਕਿ *"ਸਮਾਜ-ਸ਼ਾਸਤਰ ਮਨੁੱਖੀ ਸਮਾਜਿਕ ਜੀਵਨ ਸਮੂਹਾਂ ਅਤੇ ਸੰਸਥਾਵਾਂ ਦੇ ਅਧਿਐਨ ਨੂੰ ਆਖਦੇ ਹਨ" (ਗਿਡਿੰਗਜ਼ 02)।* ਸਮਾਜ ਸ਼ਾਸਤਰ ਇਕ ਅਜਿਹਾ ਵਿਗਿਆਨ ਹੈ ਜਿਸ ਦਾ ਕੇਂਦਰ-ਬਿੰਦੂ ਮਨੁੱਖੀ ਸਮਾਜ ਹੈ। ਇਸ ਸਮਾਜ ਵਿਚ ਮਨੁੱਖੀ ਸੰਬੰਧਾਂ, ਅੰਤਰ-ਕਿਰਿਆਵਾਂ ਅਤੇ ਮਨੁੱਖੀ ਸੰਸਥਾਵਾਂ ਜਿਵੇਂ ਰਾਜਨੀਤਕ, ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਧਾਰਮਿਕ ਆਦਿ ਦਾ ਵਿਗਿਆਨਕ ਢੰਗ ਨਾਲ ਅਧਿਐਨ ਕਰਨ ਵਲ ਰੁਚਿਤ ਹੈ। ਇਨ੍ਹਾਂ ਸਮੁੱਚੇ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਸੰਬੰਧੀ ਸਮਝ ਸਥਾਪਿਤ ਕਰਦੇ ਕਿਹਾ ਜਾ ਸਕਦਾ ਹੈ ਕਿ ਸਮਾਜ-ਸ਼ਾਸਤਰ ਸਮਾਜ ਦਾ ਵਿਗਿਆਨ ਹੈ ਜਿਹੜਾ ਸਮਾਜਿਕ ਤੱਥਾਂ ਦੇ ਆਧਾਰ 'ਤੇ ਸਮਾਜ ਦਾ ਵਿਗਿਆਨਕ ਅਧਿਐਨ ਕਰਦਾ ਹੈ।

ਸਮਾਜ-ਸ਼ਾਸਤਰ ਸੰਬੰਧੀ ਚਰਚਾ ਕਰਨ ਤੋਂ ਬਾਅਦ ਇਸ ਵਿਗਿਆਨ ਦੀ ਅਧਿਐਨ ਸਮੱਗਰੀ ਸਮਾਜ ਵਾਰੇ ਜਾਣ ਲੈਣਾ ਜ਼ਰੂਰੀ ਹੈ ਕਿਉਂਕਿ ਸਮਾਜ ਸ਼ਾਸਤਰ ਸਮਾਜਿਕ ਤੱਥਾਂ ਦੇ ਆਧਾਰ 'ਤੇ ਹੀ ਇਸ ਦਾ ਅਧਿਐਨ ਕਰਦਾ ਹੈ। ਭਾਵੇਂ ਸਮਾਜ ਦੇ ਵਿਕਾਸ ਸੰਬੰਧੀ ਆਰੰਭ ਵਿਚ ਸੰਖੇਪ ਚਰਚਾ ਹੋ ਗਈ ਹੈ ਪਰੰਤੂ ਇਕ ਸਿਧਾਂਤਕ ਸਮਝ ਲਈ ਸਮਾਜ ਸੰਬੰਧੀ ਚਰਚਾ ਜ਼ਰੂਰੀ ਹੈ। ਸਮਾਜ ਮਨੁੱਖ ਦੁਆਰਾ ਸਿਰਜਿਤ ਇਕ ਪਰਿਵਰਤਨਸ਼ੀਲ ਅਤੇ ਗੁੰਝਲਦਾਰ ਵਰਤਾਰਾ ਹੈ। ਜਿਹੜਾ ਮਨੁੱਖੀ-ਸੰਬੰਧਾਂ, ਅੰਤਰ-ਕਿਰਿਆਵਾਂ ਅਤੇ ਸਹਿਯੋਗ ਨਾਲ ਨਿਰੰਤਰ ਵਿਕਾਸ ਦੀ ਪ੍ਰਕਿਰਿਆ ਵੱਲ ਵੱਧ ਰਿਹਾ ਹੈ। ਸਮਾਜ ਨੂੰ ਪਰਿਭਾਸ਼ਿਤ ਕਰਦਿਆਂ ਗਿਡਿੰਗਜ਼ ਲਿਖਦਾ ਹੈ ਕਿ *"ਸਮਾਜ ਆਪ ਇਕ ਸੰਘ ਹੈ, ਸੰਗਠਨ ਹੈ ਅਤੇ ਉਪਚਾਰਕ ਸੰਬੰਧਾਂ ਦਾ ਯੋਗ ਹੈ ਇਸ ਵਿਚ ਸ਼ਾਮਲ ਹੋਣ ਵਾਲੇ ਵਿਅਕਤੀ ਇਕ-ਦੂਜੇ ਦੇ ਨਾਲ ਬੱਝੇ ਹੁੰਦੇ ਹਨ" (ਉਧਰਿਤ ਰਿਆੜ 26)।* ਸਮਾਜ ਮਨੁੱਖੀ ਸਮੂਹਾਂ ਦਾ ਯੋਗ ਹੈ ਜਿਸ ਵਿਚ ਰਹਿ ਮਨੁੱਖ ਆਪਸੀ ਸਹਿਯੋਗ ਨਾਲ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਕਰਦਾ ਹੈ ਇਸ ਜਟਿਲ ਵਰਤਾਰੇ ਦਾ ਅਧਿਐਨ ਸਮਾਜ-ਸ਼ਾਸਤਰ ਦੁਆਰਾ ਕੀਤਾ ਜਾਂਦਾ ਹੈ। ਸਮਾਜ ਸ਼ਾਸਤਰ ਸਮੁੱਚੇ ਮਨੁੱਖੀ ਸਮਾਜ ਦਾ ਅਧਿਐਨ ਕਰਦਾ ਹੈ ਪਰੰਤੂ ਇਸ ਦੇ ਨਾਲ ਹੀ ਸਮਾਜ-ਸ਼ਾਸਤਰ ਨਾਲ ਸੰਬੰਧਿਤ ਸ਼ਬਦ 'ਇਕ ਸਮਾਜ' ਸੰਬੰਧੀ ਚਰਚਾ ਕਰ ਲੈਣੀ ਜ਼ਰੂਰੀ ਜਾਪਦੀ ਹੈ। ਕਿਉਂਕਿ ਸਾਹਿਤਕ ਰਚਨਾ ਦਾ ਅਧਿਐਨ ਕਰਨ ਸਮੇਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਉਸ ਸਮੇਂ ਅਧਿਐਨ ਕਰਤਾ ਕਿਸੇ ਇਕ ਸਮਾਜ ਦਾ ਅਧਿਐਨ ਕਰ ਰਿਹਾ ਹੁੰਦਾ ਹੈ। ਮਨੁੱਖੀ ਸਮਾਜ ਆਪਸ ਵਿਚ ਕਈ ਸਮਾਜਾਂ ਵਿਚ ਵੰਡਿਆ ਹੋਇਆ ਹੈ ਜਿਵੇਂ ਭਾਰਤੀ ਸਮਾਜ, ਪੰਜਾਬੀ ਸਮਾਜ, ਪੂਰਵੀ ਸਮਾਜ, ਪੱਛਮੀ ਸਮਾਜ ਆਦਿ। ਇਕ ਸਮਾਜ ਨੂੰ ਪਰਿਭਾਸ਼ਤ ਕਰਦਿਆਂ ਜਿਨਜ਼ਬਰਗ ਲਿਖਦਾ ਹੈ ਕਿ *"ਇਕ ਸਮਾਜ ਵਿਅਕਤੀਆਂ ਦਾ ਉਹ ਸਮੂਹ ਹੈ ਜੋ ਕਿਸੇ ਵਿਸ਼ੇਸ਼ ਸੰਬੰਧਾਂ ਅਤੇ ਵਿਵਹਾਰ ਦਾ ਤਰੀਕਿਆਂ ਦੁਆਰਾ ਸੰਗਠਿਤ ਹੈ ਅਤੇ ਜੋ ਉਨ੍ਹਾਂ ਵਿਅਕਤੀਆਂ ਤੋਂ ਭਿੰਨ ਹੈ ਜੋ ਇਨ੍ਹਾਂ ਸਬੰਧਾਂ ਵਿਚ ਨਹੀਂ ਬੰਨੇ ਹਨ ਤੇ ਜੋ ਇਨ੍ਹਾਂ ਤੋਂ ਭਿੰਨ ਵਿਵਹਾਰ ਕਰਦੇ ਹਨ" (ਸਵਿੰਦਰਜੀਤ 137)।* ਇਸ ਤਰਾਂ ਇਕ ਸਮਾਜ ਵਿਅਕਤੀਆਂ ਦਾ ਉਹ ਸਮੂਹ ਹੈ ਜਿਸ ਦਾ ਇਕ ਇਕ ਨਿਸ਼ਚਿਤ ਭੂਗੋਲਿਕ ਖੇਤਰ, ਵਿਵਹਾਰ ਦੀ ਏਕਤਾ ਅਤੇ ਵਿਸ਼ੇਸ਼ ਕਿਸਮ ਦੇ ਸਮਾਜਿਕ ਸੰਬੰਧ ਮਿਲਦੇ ਹਨ। ਸਮਾਜ ਅਤੇ ਇਕ ਸਮਾਜ ਸਮਾਜ ਸ਼ਾਸਤਰੀ ਅਧਿਐਨ ਵਿਚ ਇਨ੍ਹਾਂ ਦੀ ਸਮੱਗਰੀ ਦੇ ਸਰੂਪ, ਵਿਵਹਾਰ ਅਤੇ ਸਬੰਧਾਂ ਵਿਚ ਅੰਤਰ ਵੇਖਣ ਨੂੰ ਮਿਲਦਾ ਹੈ।

ਸਮਾਜ ਅਤੇ ਸਾਹਿਤ ਦਾ ਗਹਿਰਾ ਸੰਬੰਧ ਹੈ ਕਿਉਂਕਿ ਸਾਹਿਤ ਸਮਾਜ ਦੇ ਵਿਕਾਸ ਕ੍ਰਮ ਵਿਚੋਂ ਜਨਮੀ ਇਕ ਕਲਾ ਹੈ। ਜਿਸ ਵਿਚ ਸਮਾਜ ਦੀ ਅਭਿਵਿਅਕਤੀ ਕਲਾਤਮਕ ਢੰਗ ਨਾਲ ਸੁਹਜਮਈ ਭਾਸ਼ਾ ਰਾਹੀਂ ਕੀਤੀ ਜਾਂਦੀ ਹੈ। ਸਾਹਿਤ ਸਮਾਜ ਦਾ ਪ੍ਰਤੀਬਿੰਬ ਹੈ ਜਿਹੜਾ ਸਮਾਜ ਵਿਚੋਂ ਜਨਮ ਲੈ ਕੇ ਬਦਲਵੇਂ ਰੂਪ ਵਿਚ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ। ਸਾਹਿਤ ਮਨੁੱਖੀ ਸਮਾਜਿਕ ਜੀਵਨ ਦੀ ਯਥਾਰਥਕ ਅਤੇ ਕਲਾਮਈ ਪੇਸ਼ਕਾਰੀ ਹੈ। ਸਾਹਿਤ ਅਤੇ ਸਮਾਜ ਦੇ ਦਵੰਦਾਤਮਕ ਰਿਸ਼ਤੇ ਸੰਬੰਧੀ ਸੁਰਜੀਤ ਸਿੰਘ ਭੱਟੀ ਲਿਖਦਾ ਹੈ ਕਿ "ਸਾਹਿਤ ਨਿਰਸੰਦੇਹ, ਸਮਾਜਕ ਜੀਵਨ ਦੀ ਹੀ ਇਕ ਉਪਜ ਹੈ। ਇਸ ਕਾਰਨ ਹੀ *ਸਾਹਿਤ, ਦਰਸ਼ਨ, ਰਾਜਨੀਤੀ, ਕਲਾ, ਨੈਤਿਕਤਾ ਅਤੇ ਸੰਸਕ੍ਰਿਤੀ ਵਾਂਗ ਸਮਾਜਕ ਚੇਤਨਾ (Social consciousness) ਦਾ, ਇਕ ਸਾਪੇਖ ਰੂਪ ਵਿਚ ਸੁਤੰਤਰ ਅਤੇ ਵਿਲੱਖਣ ਰੂਪ ਪ੍ਰਵਾਨ ਕੀਤਾ ਜਾਂਦਾ ਹੈ" (ਭੱਟੀ 17)।* ਸਾਹਿਤ ਸਮਾਜਿਕ ਜੀਵਨ ਵਿਚੋਂ ਜਨਮ ਲੈਂਦਾ ਹੋਇਆ ਉਸ ਨੂੰ ਸੇਧ ਪ੍ਰਦਾਨ ਕਰਦਾ ਹੈ। ਸਾਹਿਤਕਾਰ ਕੇਵਲ ਆਪਣੀ ਕਲਪਣਾ ਸ਼ਕਤੀ ਦਾ ਪ੍ਰਯੋਗ ਕਰਕੇ ਸਮਾਜਿਕ ਯਥਾਰਥਕ ਤੱਥਾਂ ਨੂੰ ਸੁਹਜਮਈ ਭਾਸ਼ਾ ਰਾਹੀਂ ਆਪਣੀ ਰਚਨਾ ਵਿਚ ਪੇਸ਼ ਕਰ ਪਾਠਕ ਨੂੰ ਭੇਂਟ ਕਰਦਾ ਹੈ ਜਿਸ ਤੋਂ ਪਾਠਕ ਵਰਗ ਪ੍ਰਭਾਵਿਤ ਹੁੰਦਾ ਹੈ ਅਤੇ ਸਮਾਜ ਵਿਚ ਪਰਿਵਰਤਨ ਵਾਪਰਦਾ ਹੈ। ਸਾਹਿਤ ਸਿਰਜਣ ਪ੍ਰਕਿਰਿਆ ਦੌਰਾਨ ਸਾਹਿਤਕਾਰ ਆਪਣੇ ਜੀਵਨ ਅਨੁਭਵ ਅਨੁਸਾਰ ਬਦਲ ਰਹੇ ਮਨੁੱਖੀ ਸਮਾਜ ਅਤੇ ਮਨੁੱਖੀ ਚੇਤਨਾ ਦੀ ਅਭਿਵਿਅਕਤੀ ਸਮਕਾਲੀ ਸਮਾਜ ਦੇ ਸੰਦਰਭ ਵਿਚ ਸਟੀਕ ਭਾਸ਼ਾ ਰਾਹੀਂ ਕਰਦਾ ਹੈ। ਸਾਹਿਤਕਾਰ ਸਾਹਿਤਕ ਕਿਰਤ ਦੇ ਅੰਤਰਗਤ ਸਮੇਂ ਵਿਸ਼ੇਸ਼ ਦੀਆਂ ਸਮਾਜਿਕ, ਆਰਥਿਕ, ਰਾਜਨੀਤਕ, ਸਭਿਆਚਾਰਕ ਅਤੇ ਧਾਰਮਿਕ ਪੱਖਾਂ ਦੀ ਪੇਸ਼ਕਾਰੀ ਕਰਦਾ ਹੈ। ਜਿਸ ਨਾਲ ਕਿ ਸਮਾਜ ਨੂੰ ਸੇਧ ਦਿੱਤੀ ਜਾ ਸਕੇ ਅਤੇ ਇਕ ਜਾਗਰੂਕ ਸਮਾਜ ਦਾ ਨਿਰਮਾਣ ਹੋ ਸਕੇ। ਸਪਸ਼ਟ ਹੈ ਕਿ ਸਾਹਿਤ ਅਤੇ ਸਮਾਜ ਦਾ ਡੂੰਘਾ ਸੰਬੰਧ ਹੈ, ਸਮਾਜ ਤੋਂ ਬਿਨਾਂ ਸਾਹਿਤ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਸਾਹਿਤਕਾਰ ਇਕ ਸਮਾਜਿਕ ਪ੍ਰਾਣੀ ਹੁੰਦਾ ਹੈ ਇਸ ਲਈ ਉਹ ਸਮਾਜਿਕ ਘਟਨਾਵਾਂ ਤੋਂ ਅਭਿੱਜ ਨਹੀਂ ਰਹਿ ਸਕਦਾ। ਸਾਹਿਤਕਾਰ ਸਮਾਜਿਕ ਯਥਾਰਥ ਦੀ ਉਸਾਰੂ ਪੇਸ਼ਕਾਰੀ ਰਾਹੋਂ ਚੰਗੇਰੇ ਸਮਾਜ ਦਾ ਨਿਰਮਾਣ ਕਰਦਾ ਹੈ।

ਸਾਹਿਤ ਦੀ ਨਿਰਖ਼-ਪਰਖ ਲਈ ਵਿਭਿੰਨ ਆਲੋਚਨਾ ਪ੍ਰਣਾਲੀਆਂ ਵੱਖ-ਵੱਖ ਸਮੇਂ ਹੋਂਦ ਵਿਚ ਆਉਂਦੀਆਂ ਰਹੀਆਂ ਹਨ। ਇਹ ਆਲੋਚਨਾ ਪ੍ਰਣਾਲੀਆਂ ਆਪਣੇ-ਆਪਣੇ ਸਿਧਾਂਤਕ ਮਾਪ-ਦੰਡਾਂ ਅਨੁਸਾਰ ਸਾਹਿਤ ਦੀ ਵਸਤੂ ਜਾਂ ਰੂਪ ਦੇ ਪੱਖ ਤੋਂ ਇਸ ਦਾ ਵਿਸ਼ਲੇਸ਼ਣ ਕਰਨ ਦਾ ਯਤਨ ਕਰਦੀਆਂ ਹਨ। ਇਨ੍ਹਾਂ ਵਿਚੋਂ ਸਾਹਿਤ ਦੀ ਸਮਾਜ ਸ਼ਾਸਤਰੀ ਪ੍ਰਣਾਲੀ ਇੱਕ ਮਹੱਤਵਪੂਰਨ

ਆਲੋਚਨਾ ਪ੍ਰਣਾਲੀ ਹੈ। ਸਾਹਿਤ ਦੀ ਸਮਾਜ ਸ਼ਾਸਤਰੀ ਆਲੋਚਨਾ ਪ੍ਰਣਾਲੀ ਭਾਵੇਂ ਕੋਈ ਨਵਾਂ ਵਰਤਾਰਾ ਨਹੀਂ, ਪਰ ਇਕ ਸੁਨਿਸ਼ਚਿਤ ਅਧਿਐਨ ਵਿਧੀ ਵਜੋਂ ਪੰਜਾਬੀ ਸਾਹਿਤ ਸਮੀਖਿਆ ਲਈ ਇਕ ਨਵੀਂ ਪਹੁੰਚ ਹੈ। ਇਹ ਵਿਧੀ ਇਕ ਸਾਧਾਰਨ ਲਿਖਤ ਤੋਂ ਸਾਹਿਤਕ ਕਿਰਤ ਬਣਨ ਤੱਕ ਦੀ ਲੰਮੀ ਪ੍ਰਕਿਰਿਆ ਦਾ ਅਧਿਐਨ ਕਰਨ ਉਪਰੰਤ ਸਾਹਿਤ ਵਿਚ ਪੇਸ਼ ਸਮਾਜਿਕ ਤੱਥਾਂ ਦਾ ਵਿਗਿਆਨਕ ਅਧਿਐਨ ਕਰਦੀ ਹੈ। ਸਮਾਜ ਸ਼ਾਸਤਰੀ ਆਲੋਚਨਾ ਪ੍ਰਣਾਲੀ ਸਾਹਿਤ ਵਿਚ ਪੇਸ਼ ਕਾਲਪਨਿਕ ਸਮਾਜਿਕ ਤੱਥਾਂ ਦਾ ਵਾਸਤਵਿਕ ਸਮਾਜਿਕ ਜੀਵਨ ਦੇ ਸੰਦਰਭ ਵਿਚ ਵਿਗਿਆਨਕ ਅਧਿਐਨ ਕਰਨ ਵੱਲ ਰੁਚਿਤ ਰਹਿੰਦੀ ਹੈ। ਸਾਹਿਤ ਦੀ ਸਮਾਜ ਸ਼ਾਸਤਰੀ ਅਧਿਐਨ ਦ੍ਰਿਸ਼ਟੀ ਸੰਬੰਧੀ ਵਿਦਵਾਨਾਂ ਦੇ ਆਪਸੀ ਮਤਭੇਦ ਹਨ ਕਿ ਸਾਹਿਤ ਦਾ ਸਮਾਜ ਸ਼ਾਸਤਰ ਇਕ ਸੁਤੰਤਰ ਵਿਧਾ ਹੈ ਜਾਂ ਸਮਾਜ ਸ਼ਾਸਤਰ ਦੀ ਇਕ ਸ਼ਾਖਾ। ਇਸ ਵਾਦ-ਵਿਵਾਦ ਸੰਬੰਧੀ ਹਿੰਦੀ ਸਾਹਿਤ ਜਗਤ ਦੇ ਪ੍ਰਮੁੱਖ ਆਲੋਚਕ ਮੈਨੇਜਰ ਪਾਂਡੇ ਦਾ ਇਹ ਵਿਚਾਰ ਹੈ ਕਿ *"ਸਾਹਿਤ ਦਾ ਸਮਾਜ ਸ਼ਾਸਤਰ ਇਕ ਸੁਤੰਤਰ ਵਿਧਾ ਹੈ ਜਾਂ ਸਮਾਜ ਸ਼ਾਸਤਰ ਦੀ ਇਕ ਸ਼ਾਖਾ। ਸਮਾਜ ਸ਼ਾਸਤਰੀ ਇਸ ਨੂੰ ਇਕ ਸ਼ਾਖਾ ਮੰਨਦੇ ਹਨ, ਜਦੋਂ ਕਿ ਸਾਹਿਤ ਵਿਚਾਰਕ ਇਸ ਨੂੰ ਇਕ ਸੁਤੰਤਰ ਵਿਧਾ ਮੰਨਦੇ ਹਨ" (ਪਾਂਡੇ 04)* ਸਾਹਿਤ ਵਿਚੋਂ ਸਮਾਜ ਦਾ ਵਿਸ਼ਲੇਸ਼ਣ ਕਰਨ ਵਾਲੀ ਸਾਹਿਤ ਦੀ ਸਮਾਜ ਸ਼ਾਸਤਰੀ ਅਧਿਐਨ ਦ੍ਰਿਸ਼ਟੀ ਹੋਰਨਾਂ ਦ੍ਰਿਸ਼ਟੀਆਂ ਦੇ ਮੁਕਾਬਲੇ ਨਵੀਂ ਹੈ। ਪੰਜਾਬੀ ਸਾਹਿਤ ਆਲੋਚਨਾ ਦੇ ਖੇਤਰ ਵਿਚ ਇਸ ਨੇ ਪੱਛਮ ਰਾਹੀਂ ਪ੍ਰਵੇਸ਼ ਕੀਤਾ। ਇਸ ਅਧਿਐਨ ਦ੍ਰਿਸ਼ਟੀ ਦੇ ਵਿਕਾਸ ਦੇ ਸੰਦਰਭ ਵਿਚ ਪੰਜਾਬੀ ਦੇ ਪ੍ਰਸਿੱਧ ਮਾਰਕਸਵਾਦੀ ਆਲੋਚਕ ਸੁਰਜੀਤ ਸਿੰਘ ਭੱਟੀ ਲਿਖਦੇ ਹਨ ਕਿ *"ਪੱਛਮ ਵਿਚ ਫ਼ਰਾਂਸ ਦੀ ਮੈਡਮ ਸਤਾਇਲ ਤੋਂ ਲੈ ਕੇ ਜਰਮਨ ਦੇ ਹਡਸਨ ਤੇ ਵਿਕੋ, ਰੇਮੰਡ ਵਿਲਿਅਮਜ਼, ਗੋਲਡਮਾਨ ਅਤੇ ਸਵਿੰਗਵੁਡ ਆਦਿ ਚਿੰਤਕ ਪਿਛਲੇ 250 ਸਾਲ ਤੋਂ ਸਮਾਜ ਸ਼ਾਸਤਰੀ ਅਧਿਐਨ ਦੇ ਵੱਖ-ਵੱਖ ਪਹਿਲੂਆਂ ਨੂੰ ਵਿਸ਼ੇਗਤ ਕਰਨ ਵਿਚ ਆਪਣਾ ਯੋਗਦਾਨ ਪਾ ਰਹੇ ਹਨ" (ਭੱਟੀ 03)।* ਪੱਛਮੀ ਸਾਹਿਤ ਦੇ ਸਮਾਜ ਸ਼ਾਸਤਰੀਆਂ ਨੇ ਇਸ ਅਧਿਐਨ ਪ੍ਰਣਾਲੀ ਦੇ ਨਿਕਾਸ ਅਤੇ ਵਿਕਾਸ ਵਿਚ ਬਹੁਤ ਮਹੱਤਵਪੂਰਨ ਯੋਗਦਾਨ ਦਿੱਤਾ। ਇਸ ਸਾਹਿਤਕ ਆਲੋਚਨਾ ਪ੍ਰਣਾਲੀ ਨੂੰ ਸਥਾਪਿਤ ਕਰਨ ਵਿਚ ਤੇਨ, ਲਿਓ ਲਾਵੇਂਥਲ, ਐਲਿਨ ਸਵਿੰਗਵੱਡ, ਗੋਲਡਮਾਨ ਅਤੇ ਰੇਮੰਡ ਵਿਲੀਅਮ ਵਰਗੇ ਸਾਹਿਤ ਆਲੋਚਕਾਂ ਨੇ ਅਹਿਮ ਕਾਰਜ ਕੀਤਾ।

ਆਰੰਭਿਕ ਸਮਾਜ-ਸ਼ਾਸਤਰੀ ਮਦਾਮ-ਦ-ਸਤੇਲ ਕ੍ਰਾਂਤੀਕਾਰੀ ਵਿਚਾਰਾਂ ਦੀ ਧਾਰਨੀ ਪ੍ਰਸਿੱਧ ਫਰਾਂਸੀਸੀ ਸਮਾਜ-ਸ਼ਾਸਤਰੀ ਔਰਤ ਸੀ। ਜਿਸ ਨੇ ਆਪਣੀ ਪੁਸਤਕ *'ਦ ਲਿਤਰਾਤਿਊਰ'* ਵਿਚ ਪਹਿਲੀ ਵਾਰ ਸਾਹਿਤ ਦੇ ਸਮਾਜਿਕ ਅਸਤਿਤਵ ਅਤੇ ਸਮਾਜਿਕ ਸੰਸਥਾਵਾਂ ਨਾਲ ਅੰਤਰ-ਸੰਬੰਧਤਾਂ ਸੰਬੰਧੀ ਵਿਚਾਰ ਕੀਤਾ। ਉਸ ਨੇ ਸਾਹਿਤ ਉਪਰ ਧਰਮ, ਰੀਤੀ-ਰਿਵਾਜ ਅਤੇ ਕਾਨੂੰਨ ਦੇ ਪ੍ਰਭਾਵ ਦਾ ਅਧਿਐਨ ਕੀਤਾ। ਉਹ ਸਾਹਿਤ ਦੇ ਨਵੇਂ ਸਾਹਿਤ ਰੂਪਾਂ ਦੇ ਵਿਕਾਸ ਉੱਤੇ ਵਿਚਾਰ ਕਰਦਿਆਂ ਨਾਵਲ ਦੀ ਉਤਪੱਤੀ ਦਾ ਕਾਰਨ ਸਤਾਰ੍ਹਵੀਂ ਸਦੀ ਦੀ ਨਵੀਨ ਦਾਰਸ਼ਨਿਕ ਦ੍ਰਿਸ਼ਟੀ ਨੂੰ ਮੰਨਦੀ ਹੈ। ਮਦਾਮ ਦ ਸਤੇਲ ਦੇ ਇਨ੍ਹਾਂ ਵਿਚਾਰਾਂ ਸੰਬੰਧੀ ਡਾ. ਵੀ. ਡੀ. ਗੁਪਤਾ ਲਿਖਦਾ ਹੈ ਕਿ *"ਇਸ ਫਰਾਂਸੀਸੀ ਵਿਚਾਰਕ ਨੇ ਸਾਹਿਤ ਅਤੇ ਸਮਾਜ ਦੇ ਸੰਬੰਧ ਨੂੰ ਸਾਹਿਤ 'ਤੇ ਧਰਮ, ਪ੍ਰਥਾ ਤੇ ਕਾਨੂੰਨ ਦੇ ਪ੍ਰਭਾਵ ਅਤੇ ਸਾਹਿਤ ਦੀ ਪ੍ਰਕ੍ਰਿਤੀ 'ਤੇ ਸਮਾਜਕ ਅਤੇ ਰਾਜਨੀਤਕ ਪ੍ਰਭਾਵਾਂ ਦੇ ਮੁਲਾਂਕਣ 'ਤੇ ਕੇਂਦਰਿਤ ਕਰਕੇ ਅਧਿਐਨ ਨੂੰ ਇਕ ਨਵੀਂ ਦਿਸ਼ਾ ਦਿੱਤੀ" (ਗੁਪਤਾ 39)।* ਉਸ ਅਨੁਸਾਰ ਨਾਵਲ ਦੇ ਵਿਕਾਸ ਲਈ ਮੱਧ-ਵਰਗ ਅਤੇ ਸਮਾਜ ਵਿੱਚ ਇਸਤਰੀਆਂ ਦੀ ਸਨਮਾਨਯੋਗ ਸਥਿਤੀ ਦਾ ਹੋਣਾ ਜ਼ਰੂਰੀ ਹੈ। ਇਸ ਲਈ ਸਾਹਿਤ ਅਤੇ ਰਾਜਨੀਤੀ ਦੀ ਨੇੜਤਾ ਸੰਬੰਧੀ ਬਹੁਤ ਜ਼ੋਰ ਦਿੰਦੇ ਹੋਏ ਸਤੇਲ ਸਾਹਿਤ ਵਿੱਚ ਸਮਾਜਕ ਪਰਿਵਰਤਨ ਅਤੇ ਅੰਦੋਲਨਾਂ ਦਾ ਚਿਤਰਨ ਹੋਣਾ ਬਹੁਤ ਜ਼ਰੂਰੀ ਮੰਨਦੀ ਹੈ।

ਸਾਹਿਤ ਦੇ ਸਮਾਜ ਸ਼ਾਸਤਰ ਦਾ ਦੂਜਾ ਪ੍ਰਮੁੱਖ ਚਿੰਤਕ ਤੇਨ ਇਕ ਦਾਰਸ਼ਨਿਕ, ਇਤਿਹਾਸਕਾਰ ਅਤੇ ਸਾਹਿਤ ਦਾ ਅਜਿਹਾ ਸਮਾਜ ਸ਼ਾਸਤਰੀ ਆਲੋਚਕ ਸੀ ਜਿਸ ਨੇ ਸਮਾਜ ਸ਼ਾਸਤਰ ਦਾ ਵਿਗਿਆਨਕ ਨਿਰੂਪਣ ਕਰਨ ਦੀ ਦਿਸ਼ਾ ਵਿਚ ਪਹਿਲ ਕੀਤੀ ਜਿਸ ਕਾਰਨ ਇਸ ਨੂੰ ਅਸਲ ਵਿੱਚ ਸਾਹਿਤ ਦੇ ਸਮਾਜ ਸ਼ਾਸਤਰ ਦਾ ਮੋਢੀ ਮੰਨਿਆ ਜਾਂਦਾ ਹੈ। ਤੇਨ ਸਾਹਿਤ ਦਾ ਸਮਾਜਿਕ ਸੰਬੰਧ ਸਮਾਜ ਦੀ ਆਰਥਿਕਤਾ ਵਿੱਚੋਂ ਵੇਖਦਾ ਹੈ। ਇਸ ਕਥਨ ਦੀ ਪੁਸ਼ਟੀ ਕਰਦਿਆਂ ਡਾ. ਵੀ. ਡੀ. ਗੁਪਤਾ ਲਿਖਦਾ ਹੈ ਕਿ *"ਉਨ੍ਹੀਵੀਂ ਸਦੀ ਦੇ ਪ੍ਰਮੁੱਖ ਵਿਚਾਰਕਾਂ ਵਿਚ ਐਚ. ਤੇਨ ਤੋਂ ਬਾਅਦ ਕਾਰਲ ਮਾਰਕਸ ਅਤੇ ਫਰੈਡਰਿਕ ਐਂਗਲਜ਼ ਨੇ ਕਲਾ ਨੂੰ ਭੌਤਿਕ ਅਤੇ ਆਰਥਿਕ ਕਾਰਕਾਂ ਨਾਲ ਸੰਬੰਧਤ ਕਰਕੇ ਨਵੀਂ ਦਿਸ਼ਾ ਪ੍ਰਦਾਨ ਕੀਤਾ" (ਗੁਪਤਾ 41)।* ਸਾਹਿਤ ਦੇ ਸਮਾਜ ਸ਼ਾਸਤਰੀ ਤੇਨ ਦਾ ਮੰਨਣਾ ਹੈ ਕਿ ਸਾਹਿਤਕ ਰਚਨਾਵਾਂ ਮਨੁੱਖੀ ਮਾਨਸਿਕਤਾ ਦੀ ਉਪਜ ਹੁੰਦੀਆਂ ਹਨ। ਇਸ ਮਨੁੱਖੀ ਮਾਨਸਿਕਤਾ ਨੂੰ ਸਮਝਣ ਲਈ ਉਹ ਪ੍ਰਜਾਤੀ, ਪਰਿਵੇਸ਼ ਅਤੇ ਯੁੱਗ ਦਾ ਸਿਧਾਂਤ ਦਿੰਦਾ ਹੈ। ਇਹ ਤਿੰਨੇ ਅੰਤਰ-ਸੰਬੰਧਿਤ ਹਨ ਅਤੇ ਸਾਹਿਤ ਸਿਰਜਣਾ ਵਿਚ ਇਹਨਾਂ ਤਿੰਨਾਂ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਤੇਨ ਪ੍ਰਜਾਤੀ ਅਧੀਨ ਵਿਅਕਤੀ ਦੀਆਂ ਵਿਸ਼ੇਸ਼ਤਾਵਾਂ, ਮਾਨਸਿਕ ਬਨਾਵਟ, ਸੁਭਾਅ ਅਤੇ ਸਰੀਰਕ ਬਣਤਰ ਨੂੰ ਵਿਚਾਰਦਾ ਹੈ। ਦੂਸਰੀ ਧਾਰਨਾ ਪਰਿਵੇਸ਼ ਜਾਂ ਵਾਤਾਵਰਣ ਦੀ ਹੈ ਜਿਸ ਵਿੱਚ ਮਨੁੱਖੀ ਸੁਭਾਅ ਅਤੇ ਕੁਦਰਤੀ ਪਰਿਵੇਸ਼ ਦੇ ਮੱਧ ਕਾਰਜ-ਕਾਰਨ ਸੰਬੰਧਾਂ ਨੂੰ ਮੁੱਖ ਰੱਖਦਿਆਂ ਸਾਹਿਤ ਦੀਆਂ ਵਿਸ਼ੇਸ਼ਤਾਵਾਂ ਦੀ ਵਿਆਖਿਆ ਕੀਤੀ ਜਾਂਦੀ ਹੈ। ਯੁੱਗ ਤੀਸਰੀ ਧਾਰਨਾ ਹੈ ਜਿਸ ਅਧੀਨ ਯੁੱਗ ਦੇ ਪ੍ਰਧਾਨ ਵਿਚਾਰਾਂ ਦਾ ਸਮਾਜਕ ਪ੍ਰਭਾਵ ਨੂੰ ਸਮਝਿਆ ਜਾਂਦਾ ਹੈ। ਤੇਨ ਸਾਹਿਤ ਅਤੇ ਸਮਾਜ ਦੀ ਪ੍ਰਕਿਰਿਆ ਵਿੱਚੋਂ ਸਾਹਿਤ ਦਾ ਸਮਾਜ ਸ਼ਾਸਤਰ ਵਿਕਸਿਤ ਕਰਦਾ ਹੈ। ਉਸ ਨੇ ਸਾਹਿਤ ਦੇ ਸਮਾਜ-ਸ਼ਾਸਤਰ ਨੂੰ ਚਾਰ ਮੁੱਖ ਤੱਥਾਂ ਜਿਵੇਂ ਸਾਹਿਤ ਦੇ ਭੌਤਿਕ ਮੂਲ ਅਧਾਰ ਦੀ ਖੋਜ, ਲੇਖਕ ਦੀ ਮਹੱਤਤਾ ਅਤੇ ਵਿਸ਼ਲੇਸ਼ਣ, ਸਾਹਿਤ ਵਿੱਚ ਸਮਾਜ ਦੇ ਪ੍ਰਤਿਬਿੰਬਨ ਦੀ ਵਿਆਖਿਆ ਅਤੇ ਸਾਹਿਤ ਦਾ ਪਾਠਕ ਨਾਲ ਸੰਬੰਧ ਉੱਤੇ ਸਥਾਪਤ ਕੀਤਾ ਹੈ।

ਸਾਹਿਤ ਸ਼ਾਸਤਰੀ ਲਾਵੇਂਥਲ ਸਾਹਿਤ ਵਿੱਚੋਂ ਸਮਾਜ ਦੀ ਖੋਜ ਕਰਨ ਵਾਲਾ ਆਲੋਚਨਾਤਮਕ ਸਮਾਜ-ਸ਼ਾਸਤਰੀ ਹੈ। ਭਾਵੇਂ ਆਲੋਚਨਾਤਮਕ ਸਮਾਜ ਸ਼ਾਸਤਰੀਆਂ ਵਿਚ ਅਡੋਰਨੋ, ਹਰਵਰਟ, ਮਾਰਕੁਇਸ ਵੀ ਹਨ ਪਰ ਸਾਹਿਤ ਦੇ ਸਮਾਜ ਸ਼ਾਸਤਰ ਦਾ ਸੁਚੇਤ ਅਤੇ ਵਿਵਸਥਿਤ ਰੂਪ ਵਿਚ ਵਿਕਾਸ ਲਾਵੇਂਥਲ ਦੁਆਰਾ ਕੀਤਾ ਗਿਆ। ਲਾਵੇਂਥਲ ਦਾ ਮੰਨਣਾ ਹੈ ਕਿ ਮਹਾਨ ਰਚਨਾਵਾਂ ਹੀ ਅਤੀਤ ਨੂੰ ਜਾਣਨ ਦਾ ਸਭ ਤੋਂ ਵੱਡਾ ਸਰੋਤ ਹਨ ਕਿਉਂਕਿ ਉਹ

ਸਮਕਾਲੀ ਸਾਹਿਤ ਨੂੰ ਸਰੋਤ ਦੇ ਰੂਪ ਵਿਚ ਮੰਨਣ ਤੋਂ ਇਨਕਾਰੀ ਹੈ। ਉਹ ਸਾਹਿਤ ਵਿਚ ਸਮਾਜਿਕਤਾ ਦਾ ਵਿਸ਼ਲੇਸ਼ਣ ਕਰਦਾ ਹੋਇਆ ਸਾਹਿਤ ਨੂੰ ਵਿਅਕਤੀਗਤ ਅਨੁਭਵਾਂ ਦਾ ਭੰਡਾਰ ਮੰਨਦਾ ਹੈ। ਲਾਵੇਥਲ ਯਥਾਰਥ ਨਾਲੋਂ ਯਥਾਰਥਕ ਅਨੁਭੂਤੀ ਅਤੇ ਉਸ ਪ੍ਰਤੀ ਦ੍ਰਿਸ਼ਟੀ ਨੂੰ ਵਿਸ਼ੇਸ਼ ਮਹੱਤਵ ਦਿੰਦਾ ਹੋਇਆ ਸਮਾਜ-ਸ਼ਾਸਤਰ ਵਿੱਚ ਮਨੋਵਿਗਿਆਨ ਦੀ ਵਰਤੋਂ ਨੂੰ ਜ਼ਰੂਰੀ ਮੰਨਦਾ ਹੈ। ਲਾਵੇਥਲ ਮਨੋਵਿਗਿਆਨ ਨੂੰ ਸਾਹਿਤ ਦੇ ਸਮਾਜ ਸ਼ਾਸਤਰ ਲਈ ਸਾਰਥਕ ਦੱਸਦਾ ਹੈ। ਉਹ ਸਮਾਜਿਕ ਚੇਤਨਾ ਵਿੱਚ ਮੁੱਖ ਭੂਮਿਕਾ ਸਾਹਿਤ ਦੀ ਮੰਨਦਾ ਹੈ। ਲਾਵੇਥਲ ਦਾ ਮੰਣਾ ਹੈ ਕਿ *"ਉਹ ਰਚਨਾਵਾਂ ਅਤੇ ਰਚਨਾਕਾਰ ਵਧੇਰੇ ਮਹੱਤਵਪੂਰਨ ਹਨ ਜਿਨ੍ਹਾਂ ਵਿਚ ਸਮਾਜਿਕ ਚੇਤਨਾ ਦੀ ਅਨੇਕਤਾ ਦਿਖਾਈ ਦਿੰਦੀ ਹੈ" (ਉਧਰਿਤ ਪਾਂਡੇ 136)।* ਉਸ ਨੇ ਸਾਹਿਤ ਦੇ ਉਤਪਾਦਨ, ਵਿਤਰਨ ਅਤੇ ਉਪਭੋਗ ਦੀ ਪੂਰੀ ਪ੍ਰਕਿਰਿਆ ਨੂੰ ਸਮਾਜਿਕ ਪ੍ਰਕਿਰਿਆ ਨਾਲ ਜੋੜ ਕੇ ਵੇਖਿਆ। ਲਾਵੇਥਲ ਸਾਹਿਤ ਦੇ ਸਮਾਜ-ਸ਼ਾਸਤਰ ਵਿੱਚ ਲਿਖਤ ਦੇ ਗ੍ਰਹਿਣ ਅਤੇ ਪਾਠਕ ਉਪਰ ਪ੍ਰਭਾਵ ਦੇ ਵਿਸ਼ਲੇਸ਼ਣ ਦਾ ਮੋਢੀ ਹੈ।

ਸਾਹਿਤ ਦੇ ਸਮਾਜ ਸ਼ਾਸਤਰੀਆਂ ਵਿਚੋਂ ਸਭ ਤੋਂ ਪ੍ਰਸਿੱਧ ਗੋਲਡਮਾਨ ਇਕ ਦਾਰਸ਼ਨਿਕ ਅਤੇ ਮਨੋਵਿਗਿਆਨਕ ਵੀ ਸਨ। ਉਨ੍ਹਾਂ ਨੇ ਸਾਹਿਤ ਦੇ ਸਮਾਜ ਸ਼ਾਸਤਰ ਨੂੰ ਇਕ ਸੁ-ਵਿਵਸਥਿਤ ਅਤੇ ਵਿਸ਼ਵਾਸ-ਯੋਗ ਅਨੁਸ਼ਾਸਨ ਬਣਾਇਆ। ਉਸ ਨੇ ਰੂਪਵਾਦੀ, ਮਨੋਵਿਗਿਆਨ, ਅਨੁਭਵ-ਵਾਦੀ ਅਤੇ ਸੰਰਚਨਾਵਾਦੀ ਦ੍ਰਿਸ਼ਟੀਆਂ ਨਾਲ ਸੰਵਾਦ ਅਤੇ ਸੰਘਰਸ਼ ਤੋਂ ਸਾਹਿਤ ਦਾ ਸਮਾਜ-ਸ਼ਾਸਤਰ ਵਿਕਸਿਤ ਕੀਤਾ। ਗੋਲਡਮਾਨ ਨੇ ਸਮਾਜ ਵਿੱਚੋਂ ਸਾਹਿਤ ਦੀ ਉਤਪੱਤੀ ਸੰਬੰਧੀ ਤੱਥ 'ਤੇ ਵਿਚਾਰ ਕਰਦਿਆਂ, ਸਾਹਿਤ ਦੇ ਸਮਾਜ ਸ਼ਾਸਤਰ ਦਾ ਸਾਰ 'ਪੁਸਤਕ ਕਿਉਂ ਲਿਖੀ ਗਈ ਸੀ' ਅਤੇ 'ਉਹ ਅਜੇ ਤੱਕ ਪੜੀ ਕਿਉਂ ਜਾਂਦੀ ਹੈ' ਦੋ ਸਵਾਲਾਂ ਤੋਂ ਪ੍ਰਾਪਤ ਹੁੰਦਾ ਹੈ। ਕਿਉਂਕਿ ਸਾਹਿਤਕ ਕਿਰਤ ਲੇਖਕ ਦੀ ਸਮਾਜਕ ਸਥਿਤੀ, ਉਸ ਦੇ ਸਮੂਹ ਅਤੇ ਵਰਗ ਦੇ ਮੁੱਲਾਂ ਦੇ ਸੰਯੋਗ ਤੋਂ ਜਨਮ ਲੈਂਦੀ ਹੈ। ਗੋਲਡਮਾਨ ਦਾ 'ਉਤਪਤੀ ਮੂਲਕ ਸੰਰਚਨਾਵਾਦ' ਸਿਧਾਂਤ ਸਾਹਿਤ ਨੂੰ ਇਕ ਸਿਰਜਣਾਤਮਕ ਪ੍ਰਕਿਰਿਆ ਮੰਨਣ ਤੇ ਜ਼ੋਰ ਦਿੰਦਾ ਹੈ। ਸਾਹਿਤਕ ਰਚਨਾ ਦੇ ਸਮਾਜਿਕ ਸਰੂਪ ਨੂੰ ਤਾਂ ਹੀ ਪਛਾਣਿਆ ਜਾ ਸਕਦਾ ਹੈ ਜੇਕਰ ਲੇਖਕ ਦੇ ਵਰਗ, ਸਮੂਹ ਅਤੇ ਵਿਅਕਤੀਆਂ ਦੇ ਵਿਚਾਰਾਂ, ਭਾਵਾਂ ਨਾਲ ਅੰਤਰ ਸੰਬੰਧਿਤ ਕਰਕੇ ਸਮਝਿਆ ਜਾਵੇ। ਇਸ ਵਰਗ ਦੀ ਚੇਤਨਾ ਹੀ ਵਿਸ਼ਵ-ਦ੍ਰਿਸ਼ਟੀ ਦਾ ਨਿਰਮਾਣ ਕਰਦੀ ਹੈ ਜਿਹੜੀ ਧਰਮ, ਕਲਾ, ਸਾਹਿਤ ਅਤੇ ਦਰਸ਼ਨ ਵਿੱਚ ਵੇਖੀ ਜਾ ਸਕਦੀ ਹੈ। ਵਿਸ਼ਵ ਦ੍ਰਿਸ਼ਟੀ ਦੀ ਇਹ ਧਾਰਨਾ ਗੋਲਡਮਾਨ ਦੇ ਸਾਹਿਤ ਦੇ ਸਮਾਜ-ਸ਼ਾਸਤਰ ਦਾ ਅਧਾਰ ਹੈ। ਗੋਲਡਮਾਨ ਅਨੁਸਾਰ "ਵਿਸ਼ਵ-ਦ੍ਰਿਸ਼ਟੀ ਸਮਾਜਿਕ ਵਰਗ ਦੇ ਜੀਵਨ ਵਿਚ ਨਿਹਿਤ ਹੁੰਦੀ ਹੈ, ਲੇਕਿਨ ਇਹ ਦਰਸ਼ਨ, ਕਲਾ ਅਤੇ ਸਾਹਿਤ ਵਿੱਚ ਵਿਅਕਤ ਹੁੰਦੀ ਹੈ। ਇਸ ਲਈ ਵਿਸ਼ਵ-ਦ੍ਰਿਸ਼ਟੀ ਦੀ ਖੋਜ ਦਾ ਆਰੰਭ ਰਚਨਾ ਦੇ ਅਧਿਐਨ ਨਾਲ ਹੁੰਦਾ ਹੈ, ਨਾ ਕਿ ਵਰਗ ਦੇ ਅਧਿਐਨ ਨਾਲ। ਇਸ ਲਈ ਰਚਨਾ ਦੀ *ਵਿਸ਼ਵ ਦ੍ਰਿਸ਼ਟੀ ਦਾ ਪ੍ਰਮਾਣਿਕਤਾ ਦੀ ਪਹਿਚਾਣ ਦੇ ਲਈ ਵਰਗ ਦੇ ਜੀਵਨ ਵਿੱਚ ਨਿਹਿਤ ਵਿਸ਼ਵ-ਦ੍ਰਿਸ਼ਟੀ ਦੀ ਖੋਜ ਆਵੱਸ਼ਕ ਹੈ" (ਉਧਰਿਤ 149)।* ਗੋਲਡਮਾਨ ਲੇਖਕ ਨੂੰ ਸਾਰਥਕ ਸਿਰਜਣ ਪ੍ਰਕਿਰਿਆ ਵਿੱਚ ਕੇਵਲ ਇਕ ਮਾਧਿਅਮ ਵਜੋਂ ਸਵੀਕਾਰ ਕਰਦਾ ਹੈ ਅਤੇ ਸਾਰਥਕ ਸੰਰਚਨਾ ਦੀ ਸਿਰਜਣਾ ਵਿਅਕਤੀਗਤ ਨਹੀਂ ਸਗੋਂ ਇਕ ਵਰਗ ਦਾ ਲੰਮੇ ਸਮੇਂ ਦਾ ਕਾਰਜ ਮੰਨਦਾ ਹੈ। ਉਹ ਸਾਹਿਤਕ ਵਸਤੂ ਦੇ ਨਾਲ-ਨਾਲ ਬਾਹਰੀ ਰੂਪ ਦੇ ਅਧਿਐਨ ਉਪਰ ਬਲ ਦਿੰਦਾ ਹੈ। ਸਾਹਿਤ ਦੇ ਸਮਾਜ-ਸ਼ਾਸਤਰ ਦਾ ਮੁੱਖ ਉਦੇਸ਼ ਸਮਾਜ ਨਾਲ ਸਾਹਿਤ ਦੇ ਸੰਬੰਧ ਦੀ ਖੋਜ ਹੈ। ਇਸ ਸੰਬੰਧ ਵਿਚ ਮੈਨੇਜਰ ਪਾਂਡੇ ਲਿਖਦੇ ਹਨ:

*ਸਾਹਿਤ ਦਾ ਸਮਾਜ-ਸ਼ਾਸਤਰ ਦੇ ਇਤਿਹਾਸ ਵਿੱਚ ਇਸ ਦੇ ਦੋ ਰੂਪ ਮਿਲਦੇ ਹਨ। ਇੱਕ ਤਾਂ ਸਮਾਜਿਕ ਯਥਾਰਥ ਨਾਲ ਸਾਹਿਤ ਵਿੱਚ ਵਿਅਕਤ ਯਥਾਰਥ ਦੇ ਸੰਬੰਧ ਦਾ ਵਿਸ਼ਲੇਸ਼ਣ ਅਤੇ ਦੂਜਾ ਕਿਰਤ ਵਿੱਚੋਂ ਵਿਅਕਤ ਚੇਤਨਾ ਦੇ ਸਮਾਜਿਕ ਉਦਗਮ ਦੀ ਖੋਜ। ਪਹਿਲੀ ਪੱਧਤੀ ਯਥਾਰਥਵਾਦ ਦੇ ਸਮਰਥਕ ਅਪਣਾਉਂਦੇ ਹਨ। ਗੋਲਡਮਾਨ ਦੂਸਰੀ ਪ੍ਰਕਿਰਿਆ ਨੂੰ ਸਵੀਕਾਰ ਕਰਦੇ ਹਨ। ਇਸ ਦੂਸਰੀ ਪ੍ਰਕਿਰਿਆ ਦੇ ਦੋ ਰੂਪ ਹਨ ; ਇੱਕ ਹੈ ਸਾਹਿਤਕ ਕਿਰਤ ਵਿੱਚ ਸਮਾਜਿਕ ਚੇਤਨਾ ਦੇ ਪ੍ਰਤੀਬਿੰਬ ਦੀ ਖੋਜ ਅਤੇ ਦੂਜੀ ਹੈ ਕਿਰਤ ਵਿੱਚ ਮੌਜੂਦ ਚੇਤਨਾ ਦੀਆਂ ਸੰਰਚਨਾਵਾਂ ਦੇ ਸੰਬੰਧ ਦਾ ਵਿਵੇਚਨ" (ਪਾਂਡੇ 148)।*

ਰੇਮੰਡ ਵਿਲਿਅਮ ਨੇ ਦਰਸ਼ਨ, ਸਮਾਜ-ਸ਼ਾਸਤਰ, ਰਾਜਨੀਤੀ ਅਤੇ ਆਲੋਚਨਾ ਦੇ ਖੇਤਰ ਵਿੱਚ ਮੁਲਵਾਨ ਧਾਰਨਾਵਾਂ ਸਥਾਪਿਤ ਕੀਤੀਆਂ। ਰੇਮੰਡ ਸਮਾਜ, ਸੰਸਕ੍ਰਿਤੀ ਅਤੇ ਸਾਹਿਤ ਦੇ ਆਪਸੀ ਸੰਬੰਧਾਂ ਦਾ ਵਿਵੇਚਨ ਕਰਦਾ ਹੋਇਆ ਸੰਸਕ੍ਰਿਤੀ ਨੂੰ ਜੀਵਨ ਦੀ ਇਕ ਸਮੱਗਰ ਪੱਧਤੀ ਦੇ ਰੂਪ ਵਿੱਚ ਵੇਖਦਾ ਹੈ। ਉਸ ਅਨੁਸਾਰ ਰਾਜਨੀਤੀ ਅਤੇ ਆਰਥਿਕਤਾ ਵਾਂਗ ਸੰਸਕ੍ਰਿਤੀ ਵੀ ਸਮਾਨੰਤਰ ਵਿਹਾਰ ਹੈ। ਇਸ ਲਈ ਆਲੋਚਕਾਂ ਨੇ ਉਸ ਦੇ ਸਿਧਾਂਤ ਨੂੰ ਸਿਧਾਂਤਕ ਭੌਤਿਕਵਾਦ ਦਾ ਸਿਧਾਂਤ ਕਿਹਾ। ਰੇਮੰਡ ਸਾਹਿਤ ਨੂੰ ਸਾਂਸਕ੍ਰਿਤਿਕ ਸੰਦਰਭ ਵਿੱਚ ਅਤੇ ਸੰਸਕ੍ਰਿਤੀ ਨੂੰ ਵਿਆਪਕ ਸਮਾਜਕ ਸੰਦਰਭ ਵਿੱਚ ਰੱਖ ਕੇ ਵੇਖਦਾ ਹੈ। ਰੇਮੰਡ ਸਾਹਿਤਕ ਕਿਰਤ ਨੂੰ ਵਸਤੂ ਮੰਨਣ ਦੀ ਥਾਂ ਉਸਦੇ ਵਿਵਹਾਰਿਕ ਪੱਖ ਨੂੰ ਸਮਝਣ 'ਤੇ ਦਿੰਦਾ ਹੋਇਆ 'ਅਨੁਭੂਤੀ ਦੀ ਸੰਰਚਨਾ' ਦੀ ਧਾਰਨਾ ਪੇਸ਼ ਕਰਦਾ ਹੈ। *"ਅਨੁਭੂਤੀ ਦੀ ਸੰਰਚਨਾ ਦੇ ਮੂਲ ਵਿੱਚ ਇੱਕ ਕਾਲ ਦੇ ਸਮੁਦਾਇ ਵਿਸ਼ੇਸ਼ ਦੀ ਇੱਕ ਪੀੜੀ ਦਾ ਜੀਵਨ ਅਨੁਭਵ ਹੁੰਦਾ ਹੈ। ਇਸ ਲਈ ਦੂਜੀ ਪੀੜੀ ਤੋਂ ਉਸ ਨੂੰ ਪ੍ਰਾਪਤ ਕਰਨ ਦਾ ਸਵਾਲ ਹੀ ਨਹੀਂ ਉੱਠਦਾ। ਰੇਮੰਡ ਵਿਲਿਅਮਜ਼ ਨੇ ਆਪਣੀ ਇਸ ਧਾਰਨਾ ਵਿੱਚੋਂ ਵਿਚਾਰ ਤੋਂ ਅਧਿਕ ਅਨੁਭੂਤੀ ਦੇ ਵਰਗ ਤੋਂ ਅਧਿਕ ਸਮੁਦਾਇ ਦੀ ਅਤੇ ਸਮਾਜਿਕ ਸੰਰਚਨਾ ਤੋਂ ਅਧਿਕ ਪੀੜੀ ਨੂੰ ਜੋ ਮਹੱਤਵ ਦਿੱਤਾ ਹੈ, ਉਸ ਦੀ ਆਲੋਚਨਾ ਵੀ ਹੋਈ ਹੈ" (ਪਾਂਡੇ 180)।* ਅਨੁਭੂਤੀ ਦੀ ਸੰਰਚਨਾ ਦੀ ਧਾਰਨਾ ਦੇ ਰਾਹੀਂ ਉਸ ਨੇ ਨਾਵਲ ਦੀ ਸਮਾਜ ਸ਼ਾਸਤਰੀ ਆਲੋਚਨਾ ਕੀਤੀ ਅਤੇ ਸਾਹਿਤਕ ਕਿਰਤ ਦੀ ਭਾਸ਼ਾ ਅਤੇ ਸ਼ਿਲਪ ਨੂੰ ਸਮਾਜਿਕ ਪਰਿਵਰਤਨ ਅਤੇ ਵਿਕਾਸ ਨਾਲ ਜੋੜ ਕੇ ਸਮਝਦਿਆਂ ਉਸ ਨੇ ਨਾਵਲ ਦੀ ਭਾਸ਼ਾ ਨੂੰ ਸਿੱਖਿਅਤ ਸਮੁਦਾਇ ਦੀ ਭਾਸ਼ਾ ਕਿਹਾ। ਰੇਮੰਡ ਨਵੀਨ ਸਾਹਿਤਕ ਵਿਧਾਵਾਂ ਦੀ ਉਤਪੱਤੀ ਅਤੇ ਵਿਕਾਸ ਲਈ ਪੱਤਰਕਾਰੀ ਨੂੰ ਮਹੱਤਵਪੂਰਨ ਮੰਨਦਾ ਹੈ। ਉਹ ਨਾਵਲ ਦੀ ਉਤਪਤੀ ਅਤੇ ਵਿਕਾਸ ਸੰਬੰਧੀ ਚਰਚਾ ਕਰਦਾ ਹੋਇਆ ਸਾਹਿਤਕਾਰ ਅਤੇ ਪਾਠਕ-ਵਰਗ ਦੇ ਬਦਲਦੇ ਸਰੂਪ ਅਤੇ ਸੁਭਾਅ ਨੂੰ ਸਾਹਿਤ ਦੇ ਪਰਿਵਰਤਨ ਦਾ ਕਾਰਨ ਮੰਨਦਾ ਹੈ। ਇਨ੍ਹਾਂ ਸਾਹਿਤ ਦਾ ਸਮਾਜ ਸ਼ਾਸਤਰੀਆਂ ਤੋਂ ਇਲਾਵਾ ਐਡਮ ਸਮਿੱਥ,

ਹੀਗਲ, ਸਪੈਂਸਰ, ਏ.ਕੇ.ਲੂਨਾਚਰਸਕੀ, ਕੋਜਰ ਅਤੇ ਐਲਨ ਸਵਿੰਗਵੁਡ ਆਦਿ ਸਾਹਿਤ ਦੇ ਸਮਾਜ-ਸ਼ਾਸਤਰੀਆਂ ਨੇ ਕਾਰਜ ਕੀਤਾ।

ਪ੍ਰਮੁੱਖ ਸਮਾਜ-ਸ਼ਾਸਤਰੀ ਵਿਦਵਾਨਾਂ ਦੇ ਸਾਹਿਤ ਦੇ ਸਮਾਜ ਸ਼ਾਸਤਰ ਸੰਬੰਧੀ ਸਿਧਾਂਤਕ ਵਿਚਾਰਾਂ ਨੂੰ ਵੇਖਣ ਤੋਂ ਬਾਅਦ ਮਾਰਕਸਵਾਦ ਦਾ ਜ਼ਿਕਰ ਕਰਨਾ ਜ਼ਰੂਰੀ ਬਣ ਜਾਂਦਾ ਹੈ। ਭਾਵੇਂ ਮੁੱਢਲੇ ਮਾਰਕਸਵਾਦੀ ਚਿੰਤਕਾਂ ਦਾ ਸਾਹਿਤ ਬੁਨਿਆਦੀ ਵਿਸ਼ਾ ਨਾ ਰਿਹਾ ਹੋਵੇ ਪਰੰਤੂ ਮਾਰਕਸ ਅਤੇ ਏਂਗਲਜ਼ ਮਨੁੱਖੀ ਮਾਨਸਿਕ ਵਿਕਾਸ ਅਤੇ ਸਮਾਜਿਕ ਪਰਿਵਰਤਨ ਦੇ ਸਾਰਥਿਕ ਮਾਧਿਅਮ ਦੇ ਤੌਰ 'ਤੇ ਸਾਹਿਤ ਦੀ ਭੂਮਿਕਾ ਨੂੰ ਚੰਗੀ ਤਰਾਂ ਜਾਣਦੇ ਸਨ। ਮਾਰਕਸਵਾਦ ਭੌਤਿਕ ਜਗਤ ਨੂੰ ਹੀ ਵਿਚਾਰ ਜਾਂ ਚਿੰਤਨ ਦਾ ਵਾਸਤਵਿਕ ਆਧਾਰ ਮੰਨਦੇ ਸਨ ਕਿਉਂਕਿ ਉਹ ਸਮਾਜ ਨੂੰ ਸਮਝਣ ਉਸ ਵਿੱਚ ਆ ਰਹੇ ਪਰਿਵਰਤਨਾਂ ਦੇ ਪ੍ਰਭਾਵਾਂ ਦੇ ਪਰਿਣਾਮਾਂ ਦੀ ਵਿਆਖਿਆ ਦਵੰਦਾਤਮਕ ਭੌਤਿਕਵਾਦ ਅਤੇ ਇਤਿਹਾਸਕ ਭੌਤਿਕਵਾਦ ਦੇ ਆਧਾਰ 'ਤੇ ਕਰਦਾ ਰਿਹਾ ਹੈ। ਮਾਰਕਸ ਅਤੇ ਏਂਗਲਸ਼ ਨੇ ਅਜਿਹੇ ਵਿਚਾਰਾਂ ਦਾ ਵਿਗਿਆਨਕ ਦ੍ਰਿਸ਼ਟੀਕੋਣ ਪੇਸ਼ ਕੀਤਾ ਜੋ ਸਮਾਜ ਨੂੰ ਬਦਲਣ ਅਤੇ ਸਮਝਣ ਦਾ ਅਧਾਰ ਬਣੇ। ਮਾਰਕਸਵਾਦ ਦਾ ਦਵੰਦਾਤਮਕ ਭੌਤਿਕਵਾਦ ਅਤੇ ਇਤਿਹਾਸਕ ਭੌਤਿਕਵਾਦ ਸਮਾਜ ਦੇ ਵਿਕਾਸ ਅਤੇ ਪਰਿਵਰਤਨ ਦਾ ਕਾਰਨ 'ਭੌਤਿਕ-ਦਵੰਦ' ਨੂੰ ਮੰਨਦਾ ਹੈ। ਪੰਜਾਬੀ ਦੇ ਸਾਹਿਤਕਾਰ ਵਰਿਆਮ ਸੰਧੂ ਦੇ ਅਨੁਸਾਰ, *"ਮਾਰਕਸ ਅਤੇ ਏਂਗਲਜ਼ ਦੀ ਦ੍ਰਿਸ਼ਟੀ ਵਿੱਚ ਕਲਾ ਅਤੇ ਸਾਹਿਤ ਸਮਾਜਿਕ ਚੇਤਨਾ ਦਾ ਹੀ ਇੱਕ ਰੂਪ ਹੈ ਅਤੇ ਇਸ ਲਈ ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਉਸ ਦੇ ਪਰਿਵਰਤਨਾਂ ਦੇ ਕਾਰਨ ਮਨੁੱਖ ਦੀ ਸਮਾਜਿਕ ਹੋਂਦ ਵਿੱਚੋਂ ਢੂੰਡੇ ਜਾਣੇ ਚਾਹੀਦੇ ਹਨ। ਉਨ੍ਹਾਂ ਦੀ ਮਾਨਤਾ ਸੀ ਕਿ ਕਲਾ ਕਿਰਤਾਂ ਦੀ ਸਿਰਜਣਾ ਕਰਨ ਦੀ ਉਸ ਦੀ ਯੋਗਤਾ ਮਾਨਵ ਸਮਾਜ ਦੇ ਦੀਰਘ-ਕਾਲੀਨ ਵਿਕਾਸ ਦੇ ਫਲ ਅਤੇ ਮਨੁੱਖ ਦੀ ਮਿਹਨਤ ਦੀ ਉਪਜ ਹੈ" (ਸੰਧੂ 44)।* ਅਸਲ ਵਿੱਚ ਮਾਰਕਸ ਦਾ ਸਮਾਜ-ਸ਼ਾਸਤਰ ਸਮਾਜ ਦੇ ਵਿਕਾਸ ਅਤੇ ਪਰਿਵਰਤਨ ਨੂੰ ਸਮਝਣ ਅਤੇ ਵਿਸ਼ਲੇਸ਼ਣ ਕਰਨ ਦਾ ਸਮਾਜ ਸ਼ਾਸਤਰ ਹੈ। ਮਾਰਕਸ ਲੇਖਕ ਨੂੰ ਇਕ ਕਾਮਾ ਮੰਨਦਾ ਹੈ ਜੋ ਪ੍ਰਕਾਸ਼ਕ ਨੂੰ ਸਮਰਿੱਧ ਬਣਾਉਂਦਾ ਹੋਇਆ ਸਾਹਿਤਕਾਰ ਨੂੰ ਭਾਸ਼ਾ ਰਾਹੀਂ ਆਪਣੇ ਵਿਚਾਰਾਂ ਨੂੰ ਪਾਠਕਾਂ ਤੱਕ ਪਹੁੰਚਾਉਣ ਦਾ ਮਾਧਿਅਮ ਮੰਨਦਾ ਹੈ। ਸਮਾਜ ਸ਼ਾਸਤਰ ਨੇ ਮਾਰਕਸ ਦੇ ਵਰਗ, ਸਮਾਜਿਕ ਸੰਘਰਸ਼ ਅਤੇ ਵਿਚਾਰਧਾਰਾ ਵਰਗੀਆਂ ਧਾਰਨਾਵਾਂ ਨੂੰ ਸੰਸ਼ੋਧਿਤ ਕਰ ਆਪਣੇ ਵਿਚ ਸ਼ਾਮਲ ਕਰ ਲਿਆ ਹੈ ਇਸ ਲਈ ਮਾਰਕਸਵਾਦ ਅਤੇ ਸਮਾਜ ਸ਼ਾਸਤਰ ਦੀ ਏਕਤਾ ਸੰਬੰਧੀ ਬਹੁਤ ਦ੍ਰਿਸ਼ਟੀਕੋਣ ਹਨ ਕੁਝ ਮਾਰਕਸਵਾਦ ਨੂੰ ਸਮਾਜ ਸ਼ਾਸਤਰ ਬਣਾਉਂਦੇ ਹਨ ਕੁਝ ਸਮਾਜ ਸ਼ਾਸਤਰ ਨੂੰ ਮਾਰਕਸਵਾਦ। ਮਾਰਕਸ ਭੌਤਿਕ ਦਵੰਦ ਨੂੰ ਮਨੁੱਖੀ ਸਮਾਜ ਦੇ ਨਿਰੰਤਰ ਵਿਕਾਸ ਅਤੇ ਪਰਿਵਰਤਨ ਦਾ ਕਾਰਨ ਮੰਨਦਾ ਹੈ। ਸਮਾਜ ਸ਼ਾਸਤਰ ਇਸੇ ਪਰਿਵਰਤਨਸ਼ੀਲ ਮਨੁੱਖੀ ਸਮਾਜ ਦਾ ਅਧਿਐਨ ਕਰਦਾ ਹੈ ਅਤੇ ਸਾਹਿਤ ਦਾ ਸਮਾਜ ਸ਼ਾਸਤਰ ਸਾਹਿਤ ਵਿੱਚ ਪੇਸ਼ ਇਸ ਸਮਾਜ ਦਾ ਵਿਸ਼ਲੇਸ਼ਣ ਲੇਖਕ, ਰਚਨਾ, ਪਾਠਕ ਅਤੇ ਸਮਾਜਕ ਪਰਿਸਥਿਤੀਆਂ ਨੂੰ ਅਧਾਰ ਬਣਾ ਕੇ ਕਰਦਾ ਹੈ।

ਸਾਹਿਤ ਦੇ ਸਮਾਜ ਸ਼ਾਸਤਰ ਸੰਬੰਧੀ ਪੱਛਮੀ ਆਲੋਚਕਾਂ ਨੂੰ ਵਿਚਾਰ ਲੈਣ ਉਪਰੰਤ ਪੰਜਾਬੀ ਵਿਚ ਇਸ ਦੀ ਸਥਿਤੀ ਤੋਂ ਜਾਣੂ ਹੋਣਾ ਜ਼ਰੂਰੀ ਹੈ। ਪੰਜਾਬੀ ਸਾਹਿਤ-ਜਗਤ ਅੰਦਰ ਸਮਾਜ-ਸ਼ਾਸਤਰੀ ਪ੍ਰਣਾਲੀ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਪ੍ਰਵੇਸ਼ ਕਰਦੀ ਹੈ। ਸਮਾਜ ਸ਼ਾਸਤਰੀ ਆਲੋਚਨਾ ਪ੍ਰਣਾਲੀ ਜਿੱਥੇ ਬਹੁਤ ਲੋਕਪ੍ਰਿਆ ਰਹੀ ਹੈ ਉੱਥੇ ਹੀ ਇਸ ਆਲੋਚਨਾ ਪ੍ਰਣਾਲੀ ਦੀ ਬਹੁਤ ਆਲੋਚਨਾ ਹੁੰਦੀ ਰਹੀ ਹੈ। ਰੂਪਵਾਦੀ ਆਲੋਚਨਾ ਪ੍ਰਣਾਲੀ ਨੇ ਇਸ ਦੀ ਸਭ ਤੋਂ ਵੱਧ ਅਲੋਚਨਾ ਕੀਤਾ ਹੈ ਅਤੇ ਰੂਪਵਾਦੀ ਆਲੋਚਕ ਸਾਹਿਤ ਦੇ ਸਮਾਜ ਸ਼ਾਸਤਰੀ ਦ੍ਰਿਸ਼ਟੀਕੋਣ ਤੋਂ ਵਿਚਾਰੀ ਕਲਾ ਕਿਰਤ ਨੂੰ ਸਮਾਜ ਸ਼ਾਸਤਰੀ ਦਸਤਾਵੇਜ਼ ਆਖਦੇ ਹਨ। ਸਮਾਜ ਸ਼ਾਸਤਰੀ ਆਲੋਚਨਾ ਵਿਧੀ ਸੰਬੰਧੀ ਵੱਖ-ਵੱਖ ਵਿਦਵਾਨਾਂ ਦੀਆਂ ਸਕਾਰਾਤਮਕ ਅਤੇ ਨਕਾਰਾਤਮਕ ਧਾਰਨਾਵਾਂ ਦੇ ਬਾਵਜੂਦ ਵੀ ਸਮਾਜ ਸ਼ਾਸਤਰੀ ਬਹੁ-ਪ੍ਰਚਲਿਤ ਆਲੋਚਨਾ ਪ੍ਰਣਾਲੀ ਹੈ। ਕਿਉਂਕਿ ਜਿੱਥੇ ਆਲੋਚਨਾ ਦੀਆਂ ਹੋਰਨਾਂ ਪੱਧਤੀਆਂ ਵਿਚ ਲੇਖਕ, ਰਚਨਾ ਅਤੇ ਪਾਠਕ ਵਿਚੋਂ ਕਿਸੇ ਇਕ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਜਾਂਦਾ ਹੈ ਉੱਥੇ ਹੀ ਸਮਾਜ ਸ਼ਾਸਤਰੀ ਆਲੋਚਨਾ ਪ੍ਰਣਾਲੀ ਵਿਚ ਲੇਖਕ, ਪਾਠਕ ਅਤੇ ਰਚਨਾ ਤਿੰਨਾਂ ਨੂੰ ਆਧਾਰ ਬਣਾ ਕੇ ਅਧਿਐਨ ਕੀਤਾ ਜਾਂਦਾ ਹੈ। ਸਾਹਿਤ ਦਾ ਸਮਾਜ ਸ਼ਾਸਤਰ ਸਾਹਿਤਕਾਰ ਦੀ ਸੰਪੂਰਨ ਸਾਹਿਤ ਸਿਰਜਣ ਪ੍ਰਕਿਰਿਆ ਦੌਰਾਨ ਸਮਾਜਿਕ ਸਮਕਾਲੀ ਪਰਿਸਥਿਤੀਆਂ, ਰਚਨਾ ਦੇ ਉਦੇਸ਼ਾਂ, ਪ੍ਰਕਾਸ਼ਕਾਂ, ਪਾਠਕਾਂ ਅਤੇ ਆਲੋਚਕਾਂ ਨਾਲ ਸੰਬੰਧਾਂ ਵਿਚੋਂ ਜਨਮੀ ਰਚਨਾ ਦੇ ਸੰਦਰਭ ਵਿਚ ਸੰਪੂਰਨਤਾ ਦਾ ਅਧਿਐਨ ਕਰਦਾ ਹੈ। ਮੈਨੇਜਰ ਪਾਂਡੇ ਸਾਹਿਤ ਦੇ ਸਮਾਜ ਸ਼ਾਸਤਰ ਸੰਬੰਧੀ ਲਿਖਦਾ ਹੈ ਕਿ *"ਸਮਾਜ ਸ਼ਾਸਤਰੀ ਦੇ ਲਈ ਸਾਹਿਤ ਸਮਾਜ ਨੂੰ ਸਮਝਣ ਦਾ ਇਕ ਸਰੋਤ, ਸਾਧਨ ਜਾਂ ਮਾਧਿਅਮ ਹੈ। ਸਮਾਜ ਸ਼ਾਸਤਰੀ ਦੇ ਸਾਹਮਣੇ ਇਹ ਪ੍ਰਸ਼ਨ ਹੁੰਦਾ ਹੈ ਕਿ ਸਮਾਜ ਨੂੰ ਸਮਝਣ ਵਿਚ ਸਾਹਿਤ ਕਿਵੇਂ ਸਹਾਇਤਾ ਕਰਦਾ ਹੈ" (ਪਾਂਡੇ 05)।* ਸਾਹਿਤ ਅਤੇ ਸਮਾਜ ਸ਼ਾਸਤਰ ਦਾ ਕਰਮ ਖੇਤਰ ਮਨੁੱਖੀ ਸਮਾਜਕ-ਜਗਤ ਹੁੰਦਾ ਹੈ। ਇਸ ਤਰ੍ਹਾਂ ਸਾਹਿਤ ਦਾ ਸਮਾਜ ਸ਼ਾਸਤਰ ਸਾਹਿਤ ਦੁਆਰਾ ਸਮਾਜ ਨੂੰ ਸਮਝਣ ਅਧਿਐਨ ਕਰਨ ਦੀ ਪ੍ਰਕਿਰਿਆ ਹੈ। ਸਾਹਿਤ ਦਾ ਸਮਾਜ ਸ਼ਾਸਤਰ ਪੰਜਾਬੀ ਵਿੱਚ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿੱਚ ਪੈਦਾ ਹੋਈ ਬਿਲਕੁਲ ਨਵੀਨ ਆਲੋਚਨਾ ਦ੍ਰਿਸ਼ਟੀ ਹੈ ਜਿਹੜੀ ਨਿਰੰਤਰ ਵਿਕਾਸ ਕਰ ਰਹੀ ਹੈ।

ਸਾਹਿਤ ਦਾ ਸਮਾਜ ਸ਼ਾਸਤਰ ਇਕ ਅਜਿਹੀ ਪ੍ਰਣਾਲੀ ਹੈ ਜਿਸ ਦਾ ਮੰਤਵ ਸਾਹਿਤ ਦੇ ਰਾਹੀਂ ਸਮਾਜ ਨੂੰ ਸਮਝਣਾ ਹੈ। ਸਾਹਿਤ ਰਾਹੀਂ ਸਮਾਜ ਸ਼ਾਸਤਰੀ ਸਮਾਜ ਨੂੰ ਸਮਝਦਾ ਹੈ ਜਦਕਿ ਸਾਹਿਤ ਆਲੋਚਕ ਸਮਾਜ ਸ਼ਾਸਤਰੀ ਦ੍ਰਿਸ਼ਟੀ ਰਾਹੀਂ ਸਾਹਿਤਕ ਕਿਰਤ ਦਾ ਵਿਸ਼ੇਸ਼ ਗਿਆਨ ਪ੍ਰਾਪਤ ਕਰਦਾ ਹੈ। ਸਾਹਿਤ ਦਾ ਸਮਾਜ ਸ਼ਾਸਤਰ ਅਧਿਐਨ ਖੇਤਰ ਦੇ ਸੰਬੰਧ ਵਿਚ ਟੈਰੀ ਈਗਲਟਨ ਦਾ ਕਥਨ ਹੈ *"ਸਾਹਿਤ ਦਾ ਸਮਾਜ-ਸ਼ਾਸਤਰ ਆਪਣੇ ਆਪ ਨੂੰ ਮੁੱਖ ਤੌਰ 'ਤੇ ਇੱਕ ਵਿਸ਼ੇਸ਼ ਸਮਾਜ ਵਿੱਚ ਸਾਹਿਤਕ, ਉਪਜ, ਵੰਡ ਅਤੇ ਵਟਾਂਦਰੇ ਦੇ ਸਾਧਨਾਂ ਨਾਲ ਸੰਬੰਧ ਰੱਖਦਾ ਹੈ। ਇਹ ਸਾਹਿਤਿਕ ਕਿਰਤਾਂ ਦੀ ਸਮਾਜ-ਸ਼ਾਸਤਰੀ ਮਹਾਨਤਾ ਪੱਖੋਂ ਪਰਖ ਪੜਚੋਲ ਕਰਦਾ ਹੈ। ਅਜਿਹਾ ਕਰਨ ਲਈ ਇਹ ਉਨ੍ਹਾਂ ਵਿਚੋਂ ਸਮਾਜਿਕ ਇਤਿਹਾਸਕ ਅਤੇ ਰੋਚਕ ਥੀਮ ਕੱਢਦਾ ਹੈ" (ਇਗਲਟਨ 02)।* ਸਾਹਿਤ ਦਾ ਸਮਾਜ-ਸ਼ਾਸਤਰ ਸਾਹਿਤਕ ਰਚਨਾ ਵਿੱਚ ਵਰਣਿਤ ਪਾਠ ਦਾ ਸਮਾਜਕ ਸਰੂਪ, ਆਰਥਿਕ, ਰਾਜਨੀਤਕ, ਧਾਰਮਿਕ, ਸਭਿਆਚਾਰਕ ਅਤੇ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਵਿਗਿਆਨਕ

ਅਧਿਐਨ ਕਰਦਾ ਹੈ । ਇਸ ਸੰਬੰਧੀ ਮੈਨੇਜਰ ਪਾਂਡੇ ਦਾ ਕਥਨ ਹੈ ਕਿ *"ਸਾਹਿਤ ਦਾ ਸਮਾਜ-ਸ਼ਾਸਤਰ ਆਧੁਨਿਕ ਸਾਹਿਤ ਵਿੱਚ ਸਾਹਿਤ ਦੀ ਵਾਸਤਵਿਕ ਸਥਿਤੀ ਅਤੇ ਭੂਮਿਕਾ ਨੂੰ ਯਥਾਰਥਵਾਦੀ ਢੰਗ ਨਾਲ ਸਮਝਣ ਦਾ ਯਤਨ ਕਰਦਾ ਹੈ" (ਪਾਂਡੇ 32)*। ਸਮਾਜ ਦੇ ਵਿਕਾਸ ਅਤੇ ਪਰਿਵਰਤਨ ਸ਼ੀਲਤਾ ਨਾਲ ਸਾਹਿਤ ਵਿੱਚ ਬਦਲਾਅ ਆਉਂਦਾ ਹੈ । ਇਸ ਕਾਰਨ ਸਾਹਿਤ ਦਾ ਵਿਸ਼ਾ ਅਤੇ ਰੂਪ ਬਦਲਦਾ ਹੈ। ਸਮਾਜ ਦੇ ਬਦਲਦੇ ਸਰੂਪ ਦੀ ਪੇਸ਼ਕਾਰੀ ਸਾਹਿਤ ਵਿਚ ਕੀਤੀ ਜਾਂਦੀ ਹੈ ਅਤੇ ਸਾਹਿਤ ਵਿਚ ਪੇਸ਼ ਸਮਾਜ ਦਾ ਅਧਿਐਨ ਸਾਹਿਤ ਦਾ ਸਮਾਜ ਸ਼ਾਸਤਰ ਕਰਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. *(ਉਧਰਿਤ) ਮੈਨੇਜਰ ਪਾਂਡੇ, ਸਾਹਿਤਯ ਕੇ ਸਮਾਜ ਸ਼ਾਸਤਰ ਕੀ ਭੂਮਿਕਾ. ਹਰਿਆਣਾ ਗ੍ਰੰਥ ਅਕਾਦਮੀ, ਪੰਚਕੂਲਾ, 2014.*
2. *(ਉਧਰਿਤ) ਰਿਆੜ, ਬਲਜੀਤ ਕੌਰ. ਕੰਵਲ ਦੇ ਨਾਵਲ ਸਮਾਜ-ਰਾਜਨੀਤਕ ਸੰਦਰਭ. ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2012.*
3. *ਇਗਲਟਨ, ਟੈਰੀ. ਮਾਰਕਸਿਜ਼ਮ ਐਂਡ ਲਿਟਰੇਰੀ ਕ੍ਰਿਟੀਸ਼ਿਜ਼ਮ. ਸਾਈਕੋਲਜੀ ਪ੍ਰੈੱਸ. 2002.*
4. *ਸੰਧੂ, ਵਰਿਆਮ ਸਿੰਘ. ਨਾਵਲਕਾਰ ਸੋਹਣ ਸਿੰਘ ਸੀਤਲ ਸਮਾਜ-ਸ਼ਾਸਤਰੀ ਪਰਿਪੇਖ. ਚੇਤਨਾ ਪ੍ਰਕਾਸ਼ਨ, ਲੁਧਿਆਣਾ, 2010.*
5. *ਸਵਿੰਦਰਜੀਤ ਕੌਰ, ਸਮਾਜ ਵਿਗਿਆਨ ਦੇ ਮੂਲ ਸੰਕਲਪ. ਪਬਲੀਕੇਸ਼ਨ ਬਿਊਰੋ, ਪਟਿਆਲਾ, 2000.*
6. *ਗਿਡਿੰਗਜ਼, ਐਨਥੋਨੀ. ਇੰਟਰੋਡਕਸ਼ਨ ਟੂ ਸੋਸਿਉਲੋਜੀ. ਡਬਲਯੂ. ਡਬਲਯੂ. ਨਾਰਟਨ ਐਂਡ ਕੰਪਨੀ, 1999.*
7. *ਗਿੰਡਿਗਜ਼, ਫਰੈਂਕਲਿਨ ਹੇਨਰੀ. ਦ ਪ੍ਰਿੰਸੀਪਲ ਆਫ਼ ਸੋਸਾਆਲੋਜੀ: ਐਨ ਏਨਾਲਾਈਸਸ ਆਫ਼ ਦ ਫਿਨਾਮਿਨਾ ਆਫ਼ ਐਸੋਸਿਏਸ਼ਨ ਐਂਡ ਆਫ਼ ਸੋਸਲ ਆਰਗੇਨਾਈਜੇਸ਼ਨ. ਮੈੱਕਮਿਲਨ, 1896.*
8. *ਜਾਹਨਸਨ, ਹੈਰੀ ਮਰਟਨ. ਸੋਸਿਉਲੋਜੀ: ਏ ਸਿਸਟੇਮੇਟਿਕ ਇੰਟਰੋਡਕਸ਼ਨ. ਅਲਾਈਡ ਪਬਲੀਸ਼ਰਜ਼, 2011.*
9. *ਭੱਟੀ, ਸੁਰਜੀਤ ਸਿੰਘ. ਪੰਜਾਬੀ ਆਲੋਚਨਾ ਦਸ਼ਾ ਤੇ ਦਿਸ਼ਾ. ਚੇਤਨਾ ਪ੍ਰਕਾਸ਼ਨ, ਲੁਧਿਆਣਾ, 2014.*
10. *ਭੱਟੀ, ਸੁਰਜੀਤ ਸਿੰਘ. ਵਾਦ ਚਿੰਤਨ. ਚੇਤਨਾ ਪ੍ਰਕਾਸ਼ਨ, ਲੁਧਿਆਣਾ, 2015.*
11. *ਰਾਹੁਲ ਸਾਕ੍ਰਤਾਯਨ. ਮਾਨਵ ਸਮਾਜ. ਕਿਤਾਬ ਮਹਲ, ਮੇਧਾ ਪਬਲਿਸ਼ਿੰਗ ਹਾਊਸ, 2016.*
12. *ਵੀ. ਡੀ. ਗੁਪਤਾ. ਸਾਹਿਤਯ ਕਾ ਸਮਾਜ ਸ਼ਾਸਤਰ ਅਵਧਾਰਨਾ ਸਿਧਾਂਤ ਏਵ ਪੱਧਤੀ. ਗੈਲਰੀ ਪ੍ਰਿੰਟਿੰਗ ਪ੍ਰੈੱਸ. 1989.*
13. *ਵੈਬਰ, ਮੈਕਸ. ਦ ਥਿਊਰੀ ਆਫ਼ ਸੋਸ਼ਲ ਐਂਡ ਇਕਾਨਮਿਕ ਔਰਗਨਾਈਜੇਸ਼ਨ. ਸਿਮਨ ਐਂਡ ਸਚੁਸਟਰ. 2009.*